1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 106
ਨੰਬਰ 03

੫ ਤੋਂ ੧੭ ਫੱਗਣ ੨੦੮੨ ਬਿ.
16 to 28 February 2026

# ਸਤਿਜੁਗ



10/-

# ਸ੍ਰੀ ਸਤਿਗੁਰੂ ਜੀ ਦਾ ਯੂ. ਪੀ ਦੌਰਾ

ਮਿਤੀ: 26 ਤੋਂ 31 ਜਨਵਰੀ 2026














# ਸਤਿਜੁਗ

ਪ ਤੋਂ ੧੭ ਫੱਗਣ ੨੦੮੨ ਬਿ.
16 ਤੋਂ 28 ਫਰਵਰੀ 2026 ਈ.
ਜਿਲਦ 106, ਨੰਬਰ 3

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*

# ਤਤਕਰਾ

* ਸੰਪਾਦਕੀ....................4
* ਗੁਰਬਾਣੀ ਵਿਆਖਿਆ....................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ....................8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ....................8
* ਅਜ਼ਾਦੀ ਸੰਗਰਾਮ ਦੇ ਮੋਢੀ ਮੈਨ ਆਫ਼ ਦਾ ਮਿਲੇਨੀਅਮ- ਸਤਿਗੁਰੂ ਰਾਮ ਸਿੰਘ ਜੀ
  ਡਾ. ਲਖਵੀਰ ਸਿੰਘ ਰਾਮਪੁਰਾਫੂਲ....................9
* ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ
  ਬਲਜਿੰਦਰ ਕੌਰ ਨਕੌੜਾ....................11
* 23 ਮਾਰਚ ਦੇ ਸ਼ਹੀਦਾਂ ਦਾ ਬਦਲਾ ਲੈਣ ਵਾਲੀਆਂ ਦੋ ਨਾਬਾਲਗ ਬੰਗਾਲੀ ਕੁੜੀਆਂ
  ਸੁਖਦਰਸ਼ਨ ਨੱਤ....................12
* ਬਿਖੜੇ ਪੈਂਡਿਆ ਦੇ ਰਾਹੀ- ਸ੍ਰੀ ਸਤਿਗੁਰੂ ਹਰੀ ਸਿੰਘ ਜੀ
  ਸੰਤਾ ਸਿੰਘ ਵਿਰਕ (ਆਸਟ੍ਰੇਲੀਆ)....................14
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................16
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................19
* How Did Bhagavad Gita Help Subhash Chandra Bose?
  Acharya Prashant....................22
* Who are you?
  J. Krishnamurti....................25
* MURDER OFBEEF BUTCHERS BY KUKAS
  Dr. Gurdev Singh Sidhu....................26
* ਕਾਵਿ - ਕਿਆਰੀ....................32
* ਸੁੱਚੇ - ਮੋਤੀ....................33
* ਬੱਚਿਆਂ ਦਾ ਪੰਨਾ....................34
* ਖ਼ਬਰਨਾਮਾ....................35

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਮੁਸਲਮਾਨ ਸਿਵੇ ਤੋਂ ਡਰਦੇ ਹਿੰਦੂ ਡਰਦੇ ਗੋਰ...

ਬੁੱਲ੍ਹੇ ਸ਼ਾਹ ਦਾ ਜਨਮ 1680 ਈ. ਨੂੰ ਕਸੂਰ ਸ਼ਹਿਰ ਦੇ ਨੇੜੇ ਪਿੰਡ ਪਾਂਡੋਕੇ ਵਿਖੇ ਪਿਤਾ ਸਖ਼ੀ ਮੁਹੰਮਦ ਦੇ ਘਰ ਹੋਇਆ। ਬੁੱਲ੍ਹੇ ਦੀਆਂ ਲਿਖਤਾਂ ਵਿਚ 17 ਵੀਂ-18 ਵੀਂ ਸਦੀ ਦੇ ਪੰਜਾਬ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੱਭਿਆਚਾਰ ਦੀ ਝਲਕ ਦਿਖਾਈ ਦਿੰਦੀ ਹੈ। ਬੁੱਲ੍ਹੇ ਦੀਆਂ ਕਵਿਤਾਵਾਂ ਦਾ ਕੇਂਦਰ ਜਿੱਥੇ ਇਸ਼ਕ ਦੇ ਆਲੇ-ਦੁਆਲੇ ਪ੍ਰਕਰਮਾ ਕਰਦਾ ਦਿਖਾਈ ਦਿੰਦਾ ਹੈ ਉੱਥੇ ਬੁੱਲ੍ਹੇ ਦੀ ਕਵਿਤਾ ਸਦੀਆਂ ਤੋਂ ਪੱਕ ਚੁੱਕੇ ਮਜਹਬੀ ਨਿਜ਼ਾਮ ਨੂੰ ਠੋਕਰ ਮਾਰਦੀ ਵਿਖਾਈ ਦਿੰਦੀ ਹੈ। ਬੁੱਲ੍ਹੇ ਨੂੰ ਉਹ ਨਿਜ਼ਾਮ ਮਨਜ਼ੂਰ ਨਹੀਂ ਜੋ ਇਸ਼ਕ ਦੀ ਕਸਵੱਟੀ ਉੱਪਰ ਪੂਰਾ ਨਹੀਂ ਉਤਰਣਾ।

ਬੁੱਲ੍ਹੇ ਦਾ ਜਨਮ ਉਸ ਸਮੇਂ ਹੋਇਆ ਜਦੋਂ ਪੂਰਾ ਭਾਰਤ ਧਾਰਮਿਕ ਕੱਟੜਤਾ ਦੀ ਅੱਗ ਦਾ ਸੇਕ ਝੱਲ ਰਿਹਾ ਸੀ। ਮੁਗਲ ਬਾਦਸ਼ਾਹ ਦੀ ਦਾਰ-ਉਲ-ਇਸਲਾਮ ਦੀ ਨੀਤੀ ਹਰ ਇਕ ਫਿਰਕੇ ਅੱਗੇ ਆਪ ਦੀ ਬੁਨਿਆਦੀ ਹੋਂਦ ਨੂੰ ਬਚਾਉਣ ਦਾ ਸਵਾਲ ਖੜ੍ਹਾ ਕਰ ਰਹੀ ਸੀ। ਇਸੇ ਸਮੇਂ ਪੰਜਾਬ ਦੀ ਧਰਤੀ ਨੇ ਇਕ ਅਜਿਹੇ ਪੁੱਤਰ ਨੂੰ ਪੈਦਾ ਕੀਤਾ, ਜਿਸ ਦੀ ਕਲਮ ਨੇ ਜਿਥੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦੇਣਾ ਸੀ ਉੱਥੇ ਉਸ ਨੇ ਧਰਮਾਂ ਦੇ ਜੜ੍ਹ ਹੋ ਚੁੱਕੇ ਰੀਤੀ-ਰਿਵਾਜਾਂ ਉੱਪਰ ਵਾਰ ਕਰਨਾ ਸੀ। ਫਿਰ ਭਾਵੇਂ ਉਹ ਧਰਮ ਇਸਲਾਮ ਹੀ ਕਿਉਂ ਨਾ ਹੋਵੇ ਜਿਸ ਧਰਮ ਅੰਦਰ ਖੁਦ ਬੁੱਲ੍ਹੇ ਦੀਆਂ ਜਨਮ ਅਤੇ ਮਰਨ ਦੀਆਂ ਰੀਤਾਂ ਪੂਰੀਆਂ ਗਈਆਂ ਸਨ, ਬੁੱਲ੍ਹੇ ਦਾ ਅਲੋਚਨਾ ਦਾ ਤਰੀਕਾ ਬਿਨਾਂ ਪੱਖ-ਪਾਤ ਵਾਲਾ ਸੀ ਉਸ ਨੇ ਪਹਿਲਾਂ ਤੋਂ ਸਥਾਪਿਤ ਪ੍ਰੰਪਰਾਵਾਂ ਨੂੰ ਕਰੜੀ ਠੋਕਰ ਮਾਰੀ ਅਤੇ ਪ੍ਰੰਪਰਾਵਾਂ ਦੇ ਧਰਾਤਲ ਵਿਚ ਗੱਡੇ ਹੋਏ ਕਰਮ ਕਾਂਡਾਂ ਦੇ ਪੱਥਰ ਨੂੰ ਮੋਕਲਾ ਕੀਤਾ। ਦੂਸਰੇ ਸ਼ਾਇਰਾਂ ਦੇ ਉੱਲਟ ਬੁੱਲ੍ਹਾ ਆਪਣੇ ਖੁਦ ਦੇ ਸ਼ਾਇਰ ਤੋਂ ਹੀ ਅਲੋਚਨਾ ਦਾ ਮੁੱਢ ਬੰਨ੍ਹਦਾ ਹੈ। ਉਹ ਆਪਣਤ ਦੇ ਮੋਹ ਵਿੱਚ ਭਿਜਦਾ ਨਹੀਂ ਸਗੋਂ ਸਚਾਈ ਬਿਆਨ ਕਰਦਾ ਹੋਇਆ ਆਪਣੇ ਖੁਦ ਦੇ ਸ਼ਹਿਰ ਦਾ ਸੱਚ ਬਿਆਨ ਕਰਦਾ ਹੈ-

ਬੁੱਲ੍ਹਾ ਕਸ਼ਰ ਨਾਮ ਕਸੂਰ ਹੈ, ਉਥੋਂ ਮੂੰਹੋਂ ਨਾ ਸਕਣ ਬੋਲ,
ਉੱਥੇ ਸੱਚੇ ਗਰਦਨ ਮਾਰੀਏ, ਉੱਥੇ ਝੂਠੇ ਕਰਨ ਕਲੋਲ।

ਬੁੱਲ੍ਹਾ ਜਿੱਥੇ ਸਥਾਪਿਤ ਰੀਤ ਨੂੰ ਠੋਕਰਨ ਦੀ ਕੋਸ਼ਿਸ਼ ਕਰਦਾ ਹੈ, ਉੱਥੇ ਉਸ ਦੀਆਂ ਕਵਿਤਾਵਾਂ ਅੰਤਿਮ ਸੱਚ ਦੇ ਇਰਦ-ਗਿਰਦ ਘੁੰਮਦੀਆਂ ਨਜ਼ਰ ਆਉਂਦੀਆਂ ਹਨ। ਜਿਥੇ ਬੁੱਲ੍ਹਾ ਮਰਨ ਨੂੰ ਬੜੀ ਸੰਜੀਦਗੀ ਨਾਲ ਕਬੂਲਦਾ ਹੋਇਆ ਕਹਿੰਦਾ ਹੈ-

ਇੱਕ ਰੋਜ਼ ਜਹਾਂ ਥੀਂ ਜਾਣਾ ਹੈ, ਜਾਇ ਕਬਰੇ ਵਿੱਚ ਸਮਾਣਾ ਹੈ,
ਤੇਰਾ ਗੋਸ਼ਤ ਕੀੜਿਆਂ ਖਾਣਾ ਹੈ।

ਉੱਥੇ ਉਹ ਸਰ੍ਹਾਂ ਦੀਆਂ ਰੀਤਾਂ ਨੂੰ ਜੜ੍ਹੋਂ ਪੁੱਟਣ ਦੀ ਗੱਲ ਕਰਦਾ ਹੋਇਆ ਲਿਖਦਾ ਹੈ-

ਫੂਕ ਮੁਸੱਲਾ ਭੰਨ੍ਹ ਸੁੱਟ ਲੋਟਾ, ਨਾ ਫੜ੍ਹ ਤਸਬੀ ਕਾਸਾ, ਸੋਟਾ।

ਬੁੱਲ੍ਹਾ ਇਸ਼ਕ ਨੂੰ ਸਭ ਮਜਹਬਾਂ ਤੋਂ ਉਪਰ ਰੱਖਦਾ ਹੋਇਆ, ਪਿਆਰ, ਮੁਹੱਬਤ ਅਤੇ ਮੋਹ ਦਾ ਹੋਕਾ ਦਿੰਦਾ ਹੋਇਆ ਇਸ਼ਕ ਨੂੰ ਸਭ ਫਲਸਫਿਆਂ ਦੇ ਸਿਖਰ ਉੱਤੇ ਰੱਖ ਕੇ ਗੱਲ ਕਰਦਾ ਹੈ। ਬੁੱਲ੍ਹਾ ਕਹਿੰਦਾ ਹੈ-

ਸਰਾ ਕਹੇ ਚਲ ਪਾਸ ਮੁਲਾਂ ਦੇ, ਸਿਖ ਲੈ ਅਦਬ ਅਦਾਬਾਂ ਨੂੰ।
ਇਸ਼ਕ ਕਹੇ ਇਕੋ ਹਰਫ਼ ਬਥੇਰਾ, ਠੱਪ ਰੱਖ ਹੋਰ ਕਿਤਾਬਾਂ ਨੂੰ।

ਬੁੱਲ੍ਹੇ ਨੂੰ ਲੋਕਾਂ ਦੀ ਉਹ ਨਮਾਜ਼ ਪਸੰਦ ਨਹੀਂ ਜਿਸ ਨੂੰ ਪੜ੍ਹ ਕੇ ਉਹ ਸਿਰਫ ਆਪਣੀ, ਆਖਰਤਾ ਨੂੰ ਸੰਵਾਰਨ ਦੀ ਗੱਲ ਕਰਦੇ ਹਨ। ਬੁੱਲ੍ਹੇ ਲਈ ਆਖਰਤਾ ਦੀ ਜੰਨਤ ਅਤੇ ਦੋਜਖ਼ ਤੋਂ ਪਹਿਲਾਂ ਦੁਨਿਆਵੀ ਸਮਾਜਿਕ ਸਦਾਚਾਰਕਤਾ ਜਿਆਦਾ ਜ਼ਰੂਰੀ ਜਾਪਦੀ ਹੈ। ਉਹ ਆਖਰਤ ਲਈ ਮਜਹਬੀ ਤਸੱਵਰ ਲਈ ਪੜ੍ਹੀਆਂ ਨਮਾਜਾਂ ਦੀ ਥਾਂ ਦੁਨਿਆਵੀ ਸਮਾਜਿਕ ਸਾਰਥਿਕਤਾ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ-

ਉਮਰ ਗਵਾਈ ਵਿਚ ਮਸੀਤੀ।
ਅੰਦਰ ਭਰਿਆ ਨਾਲ ਪਲੀਤੀ, ਕਦੇ ਨਮਾਜ਼ ਵਰਦਤ (ਏਕਤਾ) ਨਾ ਕੀਤੀ।

ਬੁੱਲ੍ਹਾ ਰੱਬੀ ਪਿਆਰ ਨੂੰ ਇਸ਼ਕ ਨਾਲ ਜੋੜਦਾ ਹੋਇਆ ਕਹਿੰਦਾ ਹੈ-

ਜਿਸ ਨੂੰ ਚਾਟ ਅਮਰ ਦੀ ਹੋਵੇ, ਸੋਈ ਅਮਰ ਪਛਾਣੇ।
ਇਸ ਇਸ਼ਕ ਦੀ ਔਖੀ ਘਾਟੀ, ਜੋ ਚੜਿਆ ਸੋ ਜਾਣੇ।

ਬੁੱਲ੍ਹਾ ਸਾਂਝੇ ਪੰਜਾਬ ਵਿਚ ਇਸ਼ਕ ਦਾ ਹੋਕਾ ਦਿੰਦਾ ਹੈ, ਬੁੱਲ੍ਹੇ ਦੀ ਅੰਤਿਮ ਮੰਜਲ ਇਸ਼ਕ ਹੈ। ਜਿਥੇ ਬੁੱਲ੍ਹੇ ਦਾ ਰਾਹ ਅਨੋਖਾ ਹੈ, ਉੱਥੇ ਬੁੱਲ੍ਹਾ ਪੰਜਾਬ ਦੀ ਮਜਹਬੀ ਵੰਨ ਸੁਵੰਨਤਾ ਨੂੰ ਜਿੰਦਾ ਦਿਲੀ ਨਾਲ ਕਬੂਲਦਾ ਹੋਇਆ ਪੰਜਾਬ ਦੀ ਮਜਹਬੀ ਸਾਂਝੀਵਾਲਤਾ ਨੂੰ ਚਿਤਰਦਾ ਹੈ।

ਕਹੂੰ ਮਜ਼ਬ ਕਾ ਵਰਤਾਰਾ ਹੈ, ਕਹੂੰ ਬਣਿਆ ਠਾਕੁਰ ਦੁਆਰਾ ਹੈ।
ਕਹੂੰ ਵੈਰਾਗੀ ਜਟ ਧਾਰਾ ਹੈ, ਕਹੂੰ ਭਗਤ ਹਿੰਦੂ ਜਪ ਕਰਤੇ ਹੈ।
ਕਹੂੰ ਘੋਰ ਘੂੰਗਟ ਮੇਂ ਪੜ੍ਹਤੇ ਹੈ।

ਬੁੱਲ੍ਹਾ ਨਾਲ ਹੀ ਅਦਵੈਤ ਦਾ ਹੋਕਾ ਦਿੰਦਾ ਹੋਇਆ, ਰੂਹਾਨੀਅਤ ਏਕੇ ਦਾ ਕਲਾਮ ਪੜ੍ਹਦਾ ਹੈ, ਸਾਰੇ ਧਰਮ ਦੇ ਪੈਗੰਬਰਾਂ ਨੂੰ ਇਕੋ ਰੂਹਾਨੀ ਥਾਂ ਦੇ ਲਿਆ ਖੜ੍ਹਾ ਕਰਦਾ ਹੈ-

ਬ੍ਰਿੰਦਾਬਨ ਮੇਂ ਗਊ ਚਰਾਵੇ, ਲੰਕਾ ਚੜਕੇ ਨਾਦ ਵਜਾਏ।
ਮੱਕੇ ਦਾ ਬਣ ਹਾਜੀ ਜਾਵੇ, ਵਾਰ-ਵਾਰ ਰੰਗ ਵਟਾਈਦਾ।
ਹੁਣ ਕਿਸ ਥੋਂ ਆਪ ਛੁਪਾਈਦਾ।

ਬੁੱਲ੍ਹਾ ਆਪਣੀ ਜ਼ਹੀਨਤਾ ਦੇ ਸਾਊਪੁਣੇ ਦਾ ਢੋਂਡੋਰਾ ਨਹੀਂ ਪਿੱਟਦਾ ਸਗੋਂ ਸਭ ਅੱਗੇ ਇਸ਼ਕ ਦੇ ਮਜਹਬ ਲਈ ਵੈਰ ਪੁਣੇ ਨੂੰ ਖੁੱਲ੍ਹੇ ਰੂਪ ਵਿਚ ਕਬੂਲਦਾ ਹੈ-

ਜਾਤ ਮਜਹਬ ਇਹ ਇਸ਼ਕ ਨਾ ਪੁੱਛਦਾ ਇਸ਼ਕ ਸ਼ਰ੍ਹਾ ਦਾ ਵੈਰੀ।

ਉਹ ਅੱਗੇ ਇਹੋ ਗੱਲ ਦੁਹਰਾਉਂਦਾ ਹੈ।

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸੀਂ ਜਾਣਾ ਤਖਤ ਹਜ਼ਾਰੇ।

ਬੁੱਲ੍ਹੇ ਦੀ ਮਜ਼ਾਰ ਨੂੰ ਤੋੜਨਾ ਜਿਥੇ ਧਾਰਮਿਕ ਕੱਟੜਤਾ ਨੂੰ ਦਰਸਾਉਂਦਾ ਹੈ। ਉੱਥੇ ਉਹਨਾਂ ਢਾਹੁਣ ਵਾਲਿਆਂ ਦੀ ਬੁੱਲ੍ਹੇ ਦੀ ਵਿਚਾਰਧਾਰਾ ਸੰਬੰਧੀ ਨਾ ਸਮਝੀ ਨੂੰ ਵੀ ਪੇਸ਼ ਕਰਦਾ ਹੈ। ਬੁੱਲ੍ਹਾ ਕਿਸੇ ਇਕ ਧਰਮ ਦਾ ਨਾਇਕ ਜਾਂ ਸ਼ਾਇਰ ਨਹੀਂ ਸਗੋਂ ਉਹ ਇਕ ਸਾਂਝੀ ਵਿਚਾਰਧਾਰਾ ਦਾ ਸ਼ਾਇਰ ਹੈ ਜਿਸ ਲਈ ਧਰਮ ਤੋਂ ਉੱਪਰ ਸੱਚ ਹੈ ਅਤੇ ਸੱਚ ਦਾ ਨਾਮ ਇਸ਼ਕ ਹੈ। ਬੁੱਲ੍ਹੇ ਦੀ ਜ਼ਿੰਦਗੀ ਦਾ ਦੁਖਾਂਤਿਕ ਪੱਖ ਇਹ ਰਿਹਾ ਜਿਥੇ ਉਸ ਦੇ ਖੁਦ ਦੇ ਧਰਮ ਦੇ ਲੋਕਾਂ ਨੇ ਉਸ ਨੂੰ ਆਪਣਾ ਨਾ ਕਬੂਲਿਆ। ਉੱਥੇ ਉਸ ਨੂੰ ਦੂਸਰੇ ਧਰਮ ਦੇ ਲੋਕ ਵੀ ਸਮਝ ਨਾ ਸਕੇ। ਕਾਸ਼ ਉਹ ਬੁੱਲ੍ਹੇ ਦੀ ਇਸ ਗੱਲ ਨੂੰ ਸਮਝੇ ਹੁੰਦੇ-

ਮੁਸਲਮਾਨ ਸਿਵੇ ਤੋਂ ਡਰ ਦੇ, ਹਿੰਦੂ ਡਰਦੇ ਗੋਰ
ਚੁੱਕ ਗਏ ਸਭ ਝਗੜੇ ਝੇੜੇ, ਨਿਕਲ ਪਿਆ ਕੋਈ ਹੋਰ।

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਪਉੜੀ ॥**

**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥**
ਹੇ ਪ੍ਰਭੂ! ਤੇਰੇ ਦਰਵਾਜ਼ੇ 'ਤੇ ਸਿਫ਼ਤ-ਸਲਾਹ ਕਰਨ ਵਾਲੇ ਭਗਤ ਹੀ ਮਨਜ਼ੂਰ ਹਨ।
O,God! only those devotees are dear to you who sing your praises.

**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥**
ਭਾਗਹੀਣ ਮਨੁੱਖ ਤੇਰੇ ਦਰਵਾਜ਼ੇ 'ਤੇ ਢੋਈ ਨਹੀਂ ਪਾਉਂਦੇ।
Sri Guru Ji says that the unfortunate ones do not obtain shelter at Your door and wander aimlessly.

**ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ॥**
ਕੁਝ ਲੋਕ ਆਪਣੇ ਮੂਲ ਨੂੰ ਨਹੀਂ ਸਮਝਦੇ ਅਤੇ ਹੰਕਾਰ ਵਿੱਚ ਆਪਣੇ ਬਾਰੇ ਵੱਧ ਚੜ੍ਹ ਕੇ ਬੋਲਦੇ ਹਨ।
Some do not realise their origin and praise themselves in self-applause

**ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥**
ਹੇ ਪ੍ਰਭੂ! ਮੈਂ ਤੇਰੇ ਦਰਬਾਰ ਦਾ ਨੀਚ ਜਾਤ ਦਾ ਢਾਡੀ ਹਾਂ,
ਹੋਰ ਸਭ ਉੱਚੀਆਂ ਜਾਤਾਂ ਦੇ ਕਹਾਉਂਦੇ ਹਨ।
O, God! I am a low-caste bard, whilst others claim to be of high caste.

**ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥**
ਜਿਹੜੇ ਤੈਨੂੰ ਸਿਮਰਦੇ ਹਨ ਮੈਂ ਉਨ੍ਹਾਂ ਦਾ ਦਰਸ਼ਨ ਮੰਗਦਾ ਹਾਂ।
I seek the company of those who meditate on You.

**ਸਲੋਕੁ ਮਃ ੧॥**

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**
ਰਾਜਾ, ਪਰਜਾ ਅਤੇ ਸਾਰਾ ਸੰਸਾਰ ਨਾਸ਼ਵੰਤ ਹੈ।
The King, the subjects and the whole world are all false.

**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**
ਮਹਿਲ ਮਾੜੀਆਂ ਅਤੇ ਉਨ੍ਹਾਂ ਵਿੱਚ ਰਹਿਣ ਵਾਲੇ ਵੀ ਨਾਸ਼ਵੰਤ ਹਨ।
Mansions, castles and the people living inside them are false.

**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥**
ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਨਾਸ਼ਵੰਤ ਹੀ ਹਨ।
Gold, silver and people who wear them are false.

**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥**
ਸਰੀਰ, ਵਸਤਰ, ਅਤੇ ਸੋਹਣੀਆਂ ਸੂਰਤਾਂ ਵੀ ਨਾਸ਼ਵੰਤ ਹੀ ਹਨ।
Body, cloth and grand beauty are false.

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥**
ਪਤੀ ਅਤੇ ਪਤਨੀ ਵੀ ਨਾਸ਼ਵੰਤ ਹਨ,
ਜੋ ਮੋਹ ਵਿੱਚ ਖਚਿਤ ਹੋ ਕੇ ਖ਼ੁਆਰ ਹੁੰਦੇ ਹਨ।
Husband and wife are false, who get ruined in misery.

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥**
ਨਾਸ਼ਵਾਨ ਦਾ ਨਾਸ਼ਵਾਨ ਨਾਲ ਪ੍ਰੇਮ ਲੱਗਾ ਹੋਇਆ ਹੈ
ਅਤੇ ਪ੍ਰਭੂ ਵਿਸਰਿਆ ਹੋਇਆ ਹੈ।
The false ones are infatuated in falsehood, forget their Creator.

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥**
ਜਦੋਂ ਕਿ ਸਾਰਾ ਸੰਸਾਰ ਹੀ ਨਾਸ਼ਵੰਤ ਹੈ ਤਾਂ ਦੋਸਤੀ ਕਿਸ ਨਾਲ ਕਰੀਏ?
Who should be befriended? The whole world is false.

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**
ਦੁਨੀਆਂ ਦੇ ਸਾਰੇ ਮਿਸ਼ਟਾਨ ਪਦਾਰਥ ਨਾਸ਼ਵਾਨ ਹਨ,
ਨਾਸ਼ਵਾਨਤਾ ਨੇ ਪੂਰਾਂ ਦੇ ਪੂਰ ਡੋਬ ਦਿੱਤਾ ਹਨ।
All sweet things are false, falsehood has drowned many lives.

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮੇਸ਼ਰ!
ਤੈਥੋਂ ਬਿਨਾਂ ਸਭ ਨਾਸ਼ਵਾਨ ਹੀ ਨਾਸ਼ਵਾਨ ਹੈ।
Sri Guru Ji says: Oh Lord! Without you, everything is false!

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸੋ ਭਾਈ ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਵਾਸਤੇ ਸਭ ਸੁਖ ਹੋਨਗੇ ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ ਹਰਿ ਤਰਾ ਸੇ। ਉਸ ਸਰੀਰ ਦੀ ਗੁਰੂ ਰਖਿਆ ਕਰੇਗਾ, ਸਤਿ ਕਰਕੇ ਮੰਨਣਾ। ਗੁਰਮੰਤ੍ਰ ਹੀਣ ਪ੍ਰਾਣੀ ਕੂਕਰ ਸੂਕਰ ਗਰਧਪ ਸਰਪਰ ਕੀ ਨਿਆਈ ਹੈ ਮਨੁਖ। ਸੋ ਜੀ ਮੈ ਏਸੇ ਬਾਸਤੇ ਬਾਰ ਬਾਰ ਬਾਣੀ ਕੰਠ ਕਰਨ ਨੂ ਲਿਖਦਾ ਹਾ ਅਰ ਆਪ ਬੀ ਮੈ ਕੁਛ ਨਹੀ ਲਿਖ ਸਕਦਾ ਹਾ। ਜਦ ਹਰਦਾਸ ਲਿਖਣ ਲਗਦਾ ਹਾ ਤਦ ਹੀ ਗੁਰੂ ਸਾਹਿਬ ਅਗੇ ਪਹਿਲੇ ਹਥ ਜੋੜ ਕੇ ਬੇਨਤੀ ਕਰਦਾ ਹਾ, ਹੇ ਗੁਰੂ ਸਾਹਿਬ ਜੀ ਜੋ ਤੈਨੂ ਅਛੀ ਲਗੇ ਸੋ ਮੇਰੇ ਤੇ ਲਿਖਾਈ' ਜੋ ਮੇਰੇ ਤੇ ਗੁਰੂ ਸਾਹਿਬ ਲਿਖਾਵਦਾ ਹੈ ਸੋ ਮੈ ਸੰਗਤ ਕੀ ਓਰ ਲਿਖ ਭੇਜਦਾ ਹਾ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਮਨ ਨੂੰ ਵੱਸ ਕਰਨ ਵਾਸਤੇ ਜੇਹੜਾ ਸਾਧਨ ਸਾਨੂੰ ਸਤਿਗੁਰਾਂ ਨੇ ਦੱਸਿਆ ਹੈ, ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਕੇ ਬੈਠ ਕੇ ਸ਼ਬਦ ਤੇ ਸੁਰਤ ਦਾ ਮੇਲ ਕਰਿਆ ਕਰੋ। ਝੂਠ ਨਾ ਬੋਲੋ, ਸੱਚ ਬੋਲੋ, ਚੋਰੀ ਨਾ ਕਰੋ, ਠੱਗੀ ਨਾ ਕਰੋ, ਪਊਏ ਪਾ ਕੇ ਜੋੜੇ ਵਾਲੇ ਚਰਨ ਧੋ ਕੇ ਮੰਜੇ 'ਤੇ ਬੈਠਿਆ ਜਾਵੇ।

ਕਿਸੇ ਉਸ ਆਦਮੀ ਤੋਂ ਜੋ ਮਾਸ-ਸ਼ਰਾਬ-ਆਂਡਾ ਵਗੈਰਾ ਵਰਤਦਾ ਹੈ ਜਾਂ ਜਿਸ ਨੇ ਗੁਰਮੰਤ੍ਰ ਨਹੀਂ ਲਿਆ, ਉਸ ਤੋਂ ਸੁੱਕੀ ਰਸਦ ਲੈ ਕੇ ਵੀ ਨਾ ਖਾਉ, ਜਿਸਦਾ ਸਿੱਧਾ ਤੁਹਾਡੇ ਮਨ 'ਤੇ ਅਸਰ ਹੋਣਾ ਹੈ। ਇਸ ਤਰ੍ਹਾਂ ਦੇ ਸਾਰੇ ਕੰਮਾਂ ਦਾ ਤਿਆਗ ਕਰਕੇ ਫੇਰ ਵੇਖੋ ਸਤਿਗੁਰ ਕਿਸ ਤਰ੍ਹਾਂ ਕਿਰਪਾ ਕਰਦੇ ਹਨ।

# ਅਜ਼ਾਦੀ ਸੰਗਰਾਮ ਦੇ ਮੋਢੀ



**ਡਾ. ਲਖਵੀਰ ਸਿੰਘ ਰਾਮਪੁਰਾਫੂਲ**
98768 50680

ਜਿੱਥੇ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਇਹ ਲਿਖਿਆ ਮਿਲਦਾ ਹੈ ਕਿ "ਗੁਰੂ ਰਾਮ ਸਿੰਘ ਸਿੱਖ ਦਾਰਸ਼ਨਿਕ, ਸੁਧਾਰਕ, ਅੰਗਰੇਜ਼ੀ ਵਪਾਰ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਨ ਵਾਲਾ ਪਹਿਲਾ ਭਾਰਤੀ ਹੈ।" ਉੱਥੇ ਅੰਤਰਰਾਸ਼ਟਰੀ ਪੱਧਰ ਦੇ ਚਾਰ ਅੰਗਰੇਜ਼ ਲਿਖਾਰੀਆਂ ਅਗਨੇਸ਼ ਹੂਪਰ ਗੌਟਲਿਈਬ, ਹੈਨਰੀ ਗੌਟਲਿਈਬ, ਬਰਬਾਰਾ ਬੌਵਰਜ਼, ਬ੍ਰਿੰਟ ਬੌਵਰਜ਼ ਨੇ 1998 ਈ. ਵਿੱਚ ਦੁਨੀਆਂ ਪੱਧਰ ਦਾ ਅਧਿਐਨ ਕਰਕੇ ਇੱਕ ਵੱਡ ਅਕਾਰੀ ਪੁਸਤਕ "men of the maleinun" 1000 ਵਰ੍ਹਿਆਂ ਦੇ 1000 ਮਹਾਨ ਵਿਅਕਤੀ (ਜਿਨ੍ਹਾਂ ਅਦਭੁੱਤ ਕਾਰਜ ਅਰੰਭੇ, ਸੱਭਿਅਤਾ ਨੂੰ ਨਵਾਂ ਮੋੜਾ ਦਿੱਤਾ ਅਤੇ ਸਮਾਜ ਲਈ ਅਨੋਖੇ ਰਾਹ ਰੌਸ਼ਨ ਕੀਤੇ) ਲਿੱਖੀ ਹੈ। ਇਹ ਪੁਸਤਕ ਵਿੱਚ ਭਾਰਤ ਦੇ 1000 ਵਰ੍ਹਿਆਂ ਦੇ 1000 ਮਹਾਨ ਵਿਅਕਤੀਆਂ ਦੀ ਗਾਥਾ ਹੈ। ਇਹਨਾਂ 1000 ਮਹਾਨ ਵਿਅਕਤੀਆਂ ਵਿੱਚ ਭਾਰਤ ਦੇ ਸਿਰਫ 13 ਵਿਅਕਤੀ ਹਨ ਅਤੇ ਇਹਨਾਂ 13 ਮਹਾਨ ਵਿਅਕਤੀਆਂ ਵਿੱਚ ਇੱਕ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੈ ਜਿਨ੍ਹਾਂ ਗੁਲਾਮੀ ਦਾ ਜੂਲਾ ਲਾਹ ਕੇ ਭਾਰਤ ਦੀ ਅਜ਼ਾਦੀ ਲਈ ਕੂਕਾ ਸੰਗਰਾਮ ਦੀ ਨੀਂਹ ਰੱਖੀ। ਇਸ ਮਹਾਨ ਇਨਕਲਾਬੀ, ਕ੍ਰਾਂਤੀਕਾਰੀ ਪ੍ਰਤਿਭਾ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ 1816 ਈ. ਨੂੰ ਬਸੰਤ ਪੰਚਮੀ ਵਾਲੇ ਦਿਨ ਪਿਤਾ ਜੱਸਾ ਸਿੰਘ ਜੀ ਤੇ ਮਾਤਾ ਸਦਾ ਕੌਰ ਜੀ ਦੇ ਘਰ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਤਰਖਾਣ ਪਰਿਵਾਰ ਵਿੱਚ ਹੋਇਆ। ਗੁਰੂ ਰਾਮ ਸਿੰਘ ਦੇ ਪਿਤਾ ਜੀ ਖੇਤੀ ਦਾ ਕੰਮ ਕਰਦੇ ਸਨ। ਉਹਨਾਂ ਨੇ ਆਪਣਾ ਬਚਪਣ ਭੈਣੀ ਸਾਹਿਬ ਵਿਖੇ ਗੁਜਾਰਿਆ ਅਤੇ ਇੱਥੇ ਹੀ ਪਿਤਾ ਜੀ ਨਾਲ ਕੰਮ ਕਰਵਾਉਂਦੇ। ਮੰਜੀ-ਪੀੜ੍ਹੀ ਠੋਕਦੇ, ਫਾਲ ਪੱਚਰ ਲਾਉਂਦੇ, ਰੰਬੇ-ਦਾਤੀਆਂ ਠੱਪਦੇ, ਫਾਲੇ ਤੇ ਹੋਰ ਨਿੱਕੇ ਮੋਟਾ ਸਮਾਨ ਬਣਾਉਂਦੇ। ਆਪ ਸਵੇਰੇ ਜਲਦੀ ਉੱਠਦੇ, ਹਲ ਵਾਉਂਦੇ, ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕਰਦੇ।

1837 ਈਸਵੀ ਵਿੱਚ ਆਪ ਕੰਵਰ ਨੌਂ ਨਿਹਾਲ ਦੀ ਪਲਟਨ ਵਿੱਚ ਭਰਤੀ ਹੋਏ। ਫੌਜ ਵਿੱਚ ਰਹਿੰਦਿਆਂ ਉਹਨਾਂ ਨੇ ਵੇਖਿਆ ਕਿ ਸਿੱਖ ਸਮਾਜ ਆਪਣੀਆਂ ਰਹਿਤ ਮਰਿਯਾਦਾਵਾਂ ਅਤੇ ਗੁਰਸਿੱਖੀ ਨਾਲੋਂ ਟੁੱਟ ਚੁੱਕਿਆ ਹੈ, ਕਹਿਣ ਨੂੰ ਤਾਂ ਸਾਰੇ ਸਿੱਖ ਨੇ ਪਰ ਉਹਨਾਂ ਵਿੱਚ ਮਰਿਯਾਦਾ ਤਿਲ ਮਾਤਰ ਵੀ ਨਹੀਂ ਰਹੀ। 1839 ਈ. ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਸਿੱਖ ਰਾਜ ਵਿੱਚ ਹੋਰ ਵੀ ਅਸਾਂਤੀ ਫੈਲ ਗਈ। ਸ਼ਾਹੀ ਘਰਾਣੇ ਵਿੱਚ ਰਾਜਗੱਦੀ ਦੇ ਲਾਲਚ ਲਈ 36 ਕਤਲ ਹੋਏ, ਸਿੱਖ ਰਾਜ ਦੀ ਸਥਿਤੀ ਨਾਜ਼ੁਕ ਹੋ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਸਭ ਹਾਲਾਤ ਆਪਣੇ ਅੱਖੀਂ ਦੇਖੇ। ਰਾਜੇ ਦੇਸ਼ ਧ੍ਰੋਹੀ ਹੋ ਗਏ। ਕੌਮ ਘਾਤਕ ਕੁਝ ਰਾਜਿਆਂ ਨੇ ਬਹਾਦਰ ਅਤੇ ਮਹਾਨ ਜਰਨੈਲ-ਜੋਧਿਆਂ ਨੂੰ ਲੜਾਈ ਵਿੱਚ ਸ਼ਹੀਦ ਕਰਵਾ ਦਿੱਤਾ। ਇਹ ਸਭ ਕੁਝ ਦੇਖ ਕੇ ਗੁਰੂ ਰਾਮ ਸਿੰਘ ਨੇ 1842 ਈ. ਵਿੱਚ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਠਾਣ ਲਈ। ਸਤਿਗੁਰੂ ਰਾਮ ਸਿੰਘ ਜੀ ਨੇ ਵੇਖਿਆ ਕਿ ਸਾਡਾ ਸਮਾਜ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਿਯਾਦਾ ਅਤੇ ਗੁਰਬਾਣੀ ਤੋਂ ਦੂਰ ਹੋ ਚੁੱਕਿਆ ਹੈ। ਸਤਿਗੁਰੂ ਰਾਮ ਸਿੰਘ ਨੇ ਸਭ ਤੋਂ ਪਹਿਲਾਂ ਸਿੱਖ ਸਮਾਜ ਅੰਦਰ ਜਾਗ੍ਰਤੀ ਪੈਦਾ ਕਰਨ ਲਈ 12 ਅਪ੍ਰੈਲ 1857 ਈਸਵੀ ਨੂੰ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰੇ ਸਾਜੇ। ਸੰਤ ਖਾਲਸਾ ਸਾਜਿਆ, ਹਜ਼ੂਰ ਸਾਹਿਬ ਤੋਂ ਮਰਿਯਾਦਾ ਮੰਗਵਾਈ ਅਤੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੀਤਾ। ਗੁਰਮਤਿ ਅਨੁਸਾਰ ਜੀਵਨ ਜਿਉਂਣ ਦਾ ਰਾਹ ਦਿਖਾਇਆ।

ਉਸ ਸਮੇਂ ਸਮਾਜ ਵਿੱਚ ਔਰਤ ਨੂੰ ਮਰਦ ਦੇ

ਬਰਾਬਰ ਨਹੀਂ ਸਮਝਿਆ ਜਾਂਦਾ ਸੀ। ਉਸਨੂੰ ਮਰਦ ਦੀ ਜੁੱਤੀ ਸਮਝਿਆ ਜਾਂਦਾ ਸੀ। ਮਰਦ-ਔਰਤ ਦੀ ਬਰਾਰਤਾ ਲਈ ਆਪ ਜੀ ਨੇ 1 ਜੂਨ 1863 ਈ. ਨੂੰ ਪਿੰਡ ਸਿਆੜ ਜਿਲ੍ਹਾ ਲੁਧਿਆਣਾ ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ। ਕੁੜੀਆਂ ਮਾਰਨ, ਵੇਚਣ ਤੇ ਵੱਟਾ ਕਰਨ ਖਿਲਾਫ ਅਵਾਜ਼ ਉਠਾਈ। ਆਪ ਜੀ ਨੇ ਸਿੱਖ ਸਮਾਜ ਲਈ ਆਪਣੇ ਹੁਕਮਨਾਮੇ ਵਿੱਚ ਲਿਖਿਆ ਕਿ "ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਵੱਟਾ ਕਰੇ ਜੇਕਰ ਕੋਈ ਕੁੜੀ ਮਾਰੇ, ਵੇਚੇ ਜਾਂ ਵੱਟਾ ਕਰੇ ਉਸਨੂੰ ਦਿਵਾਨ ਵਿੱਚ ਨਹੀਂ ਵੜਨ ਦੇਣਾ।" ਆਪ ਜੀ ਨੇ ਕਿਹਾ "ਕੁੜੀ ਮਾਰਨਾ ਗਊ ਤੇ ਵੀ ਵੱਡਾ ਪਾਪ ਹੈ।"

ਉਸ ਸਮੇਂ ਵਿੱਚ ਛੋਟੀ ਉਮਰ ਵਿੱਚ ਹੀ ਲੜਕੇ-ਲੜਕੀਆਂ ਦੇ ਵਿਆਹ ਕਰ ਦਿੱਤੇ ਜਾਂਦੇ ਸਨ। ਕਈ ਵਾਰ ਤੇ ਲਾੜਾ-ਲਾੜੀ ਨੂੰ ਗੋਦੀ ਚੁੱਕ ਦੇ ਲਿਆਂਦਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਬਾਲ ਵਿਆਹ ਵਿਰੁੱਧ ਸਖ਼ਤ ਅਵਾਜ਼ ਉਠਾਈ ਉਹਨਾਂ ਆਖਿਆ "ਅਠਾਰ੍ਹਾ ਬਰਸ ਕੀ ਲੜਕੀ ਔਰ ਬੀਸ ਬਰਸ ਕਾ ਲੜਕਾ ਹੋਵੇ ਤੇ ਵਿਆਹ ਕਰਨਾ ਉਰੇ ਨਹੀਂ ਕਰਨਾ।" ਉਹਨਾਂ ਨੇ ਵਿਧਵਾ ਵਿਆਹ ਕਰਨ ਲਈ ਵੀ ਐਲਾਨ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ 3 ਜੂਨ 1863 ਈ. ਨੂੰ ਪਿੰਡ ਖੋਟੇ ਵਿਖੇ ਗੁਰੂ ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਪ੍ਰਥਾ ਦਾ ਆਗਾਜ਼ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਨੂੰ ਸਾਦੀ ਜਿੰਦਗੀ ਜਿਉਣ ਦਾ ਉਪਦੇਸ਼ ਦਿੱਤਾ। ਸਾਦਾ ਰਹਿਣ ਸਹਿਣ, ਖਾਣ-ਪੀਣ ਅਤੇ ਉੱਚੀ-ਸੁੱਚੀ ਜੀਵਨ ਜਾਂਚ ਸਿਖਾਈ। ਆਪ ਜੀ ਨੇ ਆਖਿਆ "ਲੈਣ ਦੇਣ ਵਧੀਆ ਰੱਖਣਾ, ਕਦੇ ਵੀ ਕਿਸੇ ਦਾ ਪੈਸਾ ਨਹੀਂ ਮਾਰਨਾ ਤੇ ਨਾ ਹੀ ਵਿਆਜ਼ ਲੈਣਾ।"

ਸਤਿਗੁਰੂ ਰਾਮ ਸਿੰਘ ਜੀ ਨੇ ਆਤਮ ਚਿੰਤਨ ਕੀਤਾ ਕਿ ਅੰਗਰੇਜ਼ ਭਾਰਤ ਵਿੱਚ ਵਪਾਰ ਕਰਨ ਆਇਆ ਹੈ ਜੇਕਰ ਉਸਦਾ ਵਪਾਰ ਹੀ ਨਾ ਰਿਹਾ ਤਾਂ ਫਿਰ ਉਹ ਇੱਥੋਂ ਆਪੇ ਹੀ ਖਤਮ ਹੋ ਜਾਵੇਗਾ। ਇਸ ਲਈ ਆਪ ਜੀ ਨੇ ਨਾ-ਮਿਲਵਰਤਨ ਅਤੇ ਸਵਦੇਸ਼ੀ ਦੀ ਲਹਿਰ ਚਲਾਈ। ਅੰਗਰੇਜ਼ ਦੀਆਂ ਮਿੱਲਾਂ ਵਿੱਚ ਬਣੇ ਕੱਪੜੇ ਦੀ ਥਾਂ ਖੱਦਰ ਪਹਿਨਣ, ਰੇਲਾਂ ਦੀ ਥਾਂ ਗੱਡਿਆਂ ਦੀ ਸਵਾਰੀ ਕਰਨ, ਅੰਗਰੇਜ਼ੀ ਅਦਾਲਤਾਂ ਦੀ ਥਾਂ ਪੰਚਾਇਤੀ ਫੈਸਲੇ ਅਤੇ ਅੰਗਰੇਜ਼ ਦੀ ਨੌਕਰੀ ਨਾ ਕਰਨ ਦਾ ਪ੍ਰਚਾਰ ਕੀਤਾ। ਅੰਗਰੇਜ਼ੀ ਡਾਕ ਦਾ ਬਾਈਕਾਟ ਕਰਕੇ ਆਪਣਾ ਡਾਕ ਪ੍ਰਬੰਧ ਚਲਾਇਆ। ਉਹਨਾਂ ਵਿਦੇਸ਼ੀ ਚੀਜਾਂ ਦੀ ਵਰਤੋਂ ਤੇ ਰੋਕ ਲਗਾਈ ਤਾਂ ਜੋ ਭਾਰਤ ਨੂੰ ਅੰਗਰੇਜ਼ ਤੋਂ ਮੁਕਤੀ ਮਿਲ ਸਕੇ।

ਅੰਗਰੇਜ਼ ਸਤਿਗੁਰੂ ਰਾਮ ਸਿੰਘ ਜੀ ਦੀ ਵਧ ਰਹੀ ਲੋਕਪ੍ਰਿਯਤਾ ਨੂੰ ਵੇਖ ਕੇ ਬੌਖਲਾ ਗਿਆ। ਅੰਗਰੇਜ਼ਾਂ ਨੇ ਗੁਰੂ ਰਾਮ ਸਿੰਘ ਜੀ ਤੇ ਭੈਣੀ ਸਾਹਿਬ ਦੀ ਹਦੂਦ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ। ਕੂਕਾ ਅੰਦੋਲਨ ਦੇ ਪ੍ਰਚਾਰ-ਪ੍ਰਸਾਰ ਤੇ ਰੋਕ ਲਗਾ ਦਿੱਤੀ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਾਰ-ਪ੍ਰਸਾਰ ਲਈ ਪੰਜ ਨਵੇਂ ਸੂਬੇ ਥਾਪੇ। ਸਰਕਾਰ ਨੇ ਉਹਨਾਂ ਦੇ ਵੀ ਪ੍ਰਚਾਰ ਕਰਨ ਤੇ ਵੀ ਪਾਬੰਦੀ ਦਿੱਤੀ। ਸਤਿਗੁਰੂ ਜੀ ਨੇ 17 ਹੋਰ ਸੂਬੇ ਥਾਪ ਦਿੱਤੇ। ਜਿਹੜੇ ਪੁਰਾਤਨ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਕੂਕਾ ਸੰਗਰਾਮ ਦੀਆਂ ਸਰਗਰਮੀਆਂ ਦਾ ਪਰਚਾਰ ਕਰਦੇ ਅਤੇ ਲੋਕਾਂ ਨੂੰ ਜਾਗਰੂਕ ਕਰਦੇ ਸਨ। ਇਹਨਾਂ ਸੂਬਿਆਂ ਵਿੱਚ ਜਿਆਦਾਤਰ ਸੂਬੇ ਖਾਲਸਾ ਫੌਜ ਵਿੱਚੋਂ ਸਤਿਗੁਰੂ ਜੀ ਦੇ ਸਾਥੀ ਅਤੇ ਪੂਰਨ ਗੁਰਸਿੱਖ ਸਨ। ਅੰਗਰੇਜ਼ ਨੇ 22 ਸੂਬਿਆਂ ਨੂੰ ਵੀ ਨਜ਼ਰਬੰਦ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਅਫਸਰ ਨੇ ਪੁੱਛਿਆ ਕਿ ਬਾਬਾ ਅਬ ਜੀ ਕਿਆ ਕਰੋਗੇਂ ? ਤਾਂ ਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ "ਮੈਂ ਘਰ-ਘਰ ਰਾਮ ਸਿੰਘ ਪੈਦਾ ਕਰ ਦਿਆਂਗਾ।"

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਵਿਚਾਰਧਾਰਾ ਨੂੰ ਦੂਰ ਦੇਸ਼ਾਂ ਵਿਦੇਸ਼ਾਂ ਤੱਕ ਫੈਲਾਅ ਦਿੱਤਾ। ਉਹਨਾਂ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤੀ ਲਈ ਕਸ਼ਮੀਰ ਦੇ ਰਾਜਾ ਗੁਲਾਬ ਸਿੰਘ, ਨੇਪਾਲ ਦੇ ਰਾਜਾ ਜੰਗ ਬਹਾਦਰ ਤੋਂ ਇਲਾਵਾ ਅਫਗਾਨਿਸਤਾਨ ਅਤੇ ਰੂਸ ਨਾਲ ਵੀ ਸੰਬੰਧ ਸਥਾਪਿਤ ਕਰ ਲਏ। ਅੰਗਰੇਜ਼ ਸਰਕਾਰ ਇਸ ਗੱਲ ਤੋਂ ਹੈਰਾਨ ਸੀ ਕਿ ਇੱਕ ਪੇਂਡੂ ਤਰਖਾਣ ਦੀ ਪ੍ਰਸਿੱਧੀ ਕਿੱਥੋਂ ਤੱਕ ਪਹੁੰਚ ਗਈ ਹੈ।

ਉਸ ਸਮੇਂ ਅੰਗਰੇਜ਼ ਨੇ ਆਪਣੇ ਵਪਾਰ ਨੂੰ ਹੋਰ ਬੜਾਵਾ ਦੇਣ ਪੰਜਾਬ ਵਿੱਚ ਬੁੱਚੜਖਾਨੇ ਖੁੱਲ੍ਹਵਾ ਦਿੱਤੇ ਤੇ ਗਊ ਮਾਸ ਗਲੀਆਂ ਵਿੱਚ ਵਿਕਣ ਲੱਗ ਪਿਆ। ਜਿਸ ਨਾਲ ਲੋਕਾਂ ਦੇ ਮਨਾਂ ਤੇ ਬਹੁਤ ਬੁਰਾ ਪ੍ਰਭਾਵ ਪਿਆ। ਇੱਕ ਬੁੱਚੜਖਾਨਾ ਅੰਮ੍ਰਿਤਸਰ ਹਰਿਮੰਦਰ ਸਾਹਿਬ ਕੋਲ ਵੀ ਖੁੱਲਵਾ ਦਿੱਤਾ ਜਿੱਥੇ ਗਊਆਂ ਵੱਢੀਆਂ ਜਾਣ ਲੱਗੀਆ। ਇਸ ਅੰਨ੍ਹੇ ਪਾਪ ਵਿਰੁੱਧ ਕੋਈ ਵੀ ਨਾ ਬੋਲਦਾ ਜੇ ਕੋਈ ਇਸ ਪਾਪ ਵਿਰੁੱਧ ਆਵਾਜ਼ ਕੱਢਦਾ ਤਾਂ ਅੰਗਰੇਜ਼ ਵੱਲੋਂ ਸਖਤੀ ਨਾਲ ਦਬਾ ਦਿੱਤਾ ਜਾਂਦਾ। ਅਖੀਰ ਨਾਮਧਾਰੀਆਂ ਨੇ ਬੁੱਚੜਖਾਨਿਆਂ ਉੱਤੇ ਧਾਵੇ ਬੋਲ ਦਿੱਤੇ ਤੇ ਅੰਗਰੇਜ਼ ਸਰਕਾਰ ਨੇ ਇਹਨਾਂ ਸੂਰਵੀਰਾਂ ਨੂੰ 5 ਜੁਲਾਈ 1871 ਈ. ਨੂੰ ਰਾਏਕੋਟ ਵਿੱਖੇ, 15 ਸਤੰਬਰ 1871 ਈ. ਨੂੰ ਅੰਮ੍ਰਿਤਸਰ ਵਿਖੇ, 26 ਨਵੰਬਰ 1871 ਨੂੰ ਲੁਧਿਆਣਾ ਵਿਖੇ ਫਾਸੀਆਂ ਤੇ ਲਟਕਾ ਦਿੱਤਾ।

**ਬਾਕੀ ਸਫਾ ਨੰ 31 'ਤੇ**

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

**ਬਲਜਿੰਦਰ ਕੌਰ ਨਕੌੜਾ**
9644620053

ਅਸੀਂ ਆਪਣੇ ਪਰਿਵਾਰ, ਭੈਣ-ਭਰਾ, ਰਿਸ਼ਤੇਦਾਰ, ਦੋਸਤਾਂ-ਮਿੱਤਰਾਂ ਅਤੇ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨਾਲ ਕਿਸੇ ਨਾ ਕਿਸੇ ਭਾਵਨਾ ਨਾਲ ਜੁੜੇ ਹੋਏ ਹਾਂ। ਇਹਨਾਂ ਭਾਵਨਾਵਾਂ ਵਿੱਚ ਮੁੱਖ ਭਾਵਨਾ ਜਿਹੜੀ ਹੁੰਦੀ ਹੈ, ਉਹ 'ਮੈਂ ਅਤੇ ਮੇਰੇ' ਦੀ ਭਾਵਨਾ ਹੈ। 'ਮੈਂ ਅਤੇ ਮੇਰੇ' ਦੀ ਭਾਵਨਾ ਨੂੰ ਮੁੱਖ ਰੱਖ ਕੇ ਜੋ ਸੰਬੰਧ ਬਣਦੇ ਹਨ, ਉਹ ਮੋਹ ਦੇ ਸੰਬੰਧ ਹਨ। ਇਹ ਸੰਸਾਰ ਦੇ ਸੰਬੰਧ ਹਨ, ਜੋ ਕਿਸੇ ਨਾ ਕਿਸੇ ਇੱਛਾ ਜਾਂ ਸਵਾਰਥ ਤੇ ਟਿਕੇ ਹੋਏ ਹਨ, ਪਰ ਕੁਝ ਸੰਬੰਧ ਬਹੁਤ ਉੱਚੇ ਅਤੇ ਬਿਨਾਂ ਸਵਾਰਥ ਦੇ ਹੁੰਦੇ ਹਨ। ਜਿਨਾਂ ਵਿੱਚ 'ਮੈਂ ਅਤੇ ਮੇਰੇ' ਦੀ ਭਾਵਨਾ ਨਹੀਂ ਹੁੰਦੀ, ਕਿਸੇ ਇੱਛਾ ਦੀ ਪੂਰਤੀ ਦੀ ਇੱਛਾ ਨਹੀਂ ਹੁੰਦੀ। ਜਿਸ ਵਿੱਚ ਕੇਵਲ 'ਤੂੰ ਅਤੇ ਤੇਰੇ' ਦੀ ਭਾਵਨਾ ਹੀ ਹੁੰਦੀ ਹੈ ਜਾਂ ਸਮਰਪਣ ਦੀ ਭਾਵਨਾ ਹੀ ਹੁੰਦੀ ਹੈ। ਇਹ ਸੰਬੰਧ ਪ੍ਰੇਮ ਦੇ ਸੰਬੰਧ ਹਨ, ਜਿਹੜੇ ਸੰਬੰਧ ਭਗਤ ਅਤੇ ਭਗਵਾਨ ਦੇ ਹਨ। ਸੱਚੇ ਸਿੱਖਾਂ ਅਤੇ ਸਤਿਗੁਰਾਂ ਦੇ ਸੰਬੰਧ ਹਨ। ਇਹ ਪ੍ਰੇਮ ਦੇ ਸੰਬੰਧ ਹਨ। ਪ੍ਰਭੂ ਨੂੰ ਲੈ ਕੇ ਸਭ ਦੇ ਆਪਣੇ-ਆਪਣੇ ਵਿਚਾਰ ਹਨ, ਪਰ ਜਿਹੜਾ ਇਸ ਰਾਹ ਤੇ ਤੁਰਿਆ ਹੈ, ਉਹ ਜਰੂਰ ਜਾਣਦਾ ਹੈ ਕਿ ਇਸ ਪ੍ਰੇਮ ਦੀ ਭਾਵਨਾ ਵਿੱਚ 'ਮੈਂ ਅਤੇ ਮੇਰਾ' ਬਿਲਕੁਲ ਖਤਮ ਹੀ ਹੋ ਜਾਂਦਾ ਹੈ। ਕੇਵਲ ਤੇ ਕੇਵਲ 'ਤੂੰ ਅਤੇ ਤੇਰਾ' ਦੀ ਭਾਵਨਾ ਹੀ ਰਹਿ ਜਾਂਦੀ ਹੈ। ਜਿੱਥੇ ਇੱਕ ਸਿੱਖ ਸਤਿਗੁਰ ਦੇ ਚਰਨਾਂ ਨਾਲ ਪ੍ਰੇਮ ਕਰਦਾ ਹੋਇਆ ਸੋਚਦਾ ਹੈ-

"ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ"॥

ਸਤਿਗੁਰੂ ਹਰੀ ਸਿੰਘ ਜੀ ਦੇ ਸੱਜਲ ਨੇਤਰ ਪ੍ਰੇਮ ਭਾਵ ਦਾ ਇੱਕ ਉਹ ਉਦਾਹਰਣ ਹਨ, ਕਿ ਜਿਨ੍ਹਾਂ-ਜਿਨ੍ਹਾਂ ਨੇ ਉਹਨਾਂ ਦੇ ਦਰਸ਼ਨ ਕੀਤੇ, ਉਹਨਾਂ ਦੇ ਨੇਤਰਾਂ ਵਿੱਚ ਜਲ ਭਰ ਆਇਆ। ਆਪਣੇ ਸਤਿਗੁਰ ਦੇ ਦਰਸ਼ਨਾਂ ਨੂੰ ਲੋਚਦੇ ਭਰੇ ਹੋਏ ਨੈਣ ਦਰਸ਼ਨ ਕਰਕੇ ਭਰ ਜਾਣ ਅਤੇ ਪ੍ਰੇਮ ਦਾ ਉਦਾਹਰਣ ਹਨ। ਸਤਿਗੁਰੂ ਦੀ ਪ੍ਰਾਪਤੀ ਦਾ ਮਾਰਗ ਹਨ। ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ-

"ਸਾਚ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"

ਜਿੰਨਾਂ ਸਿੱਖਾਂ ਨੇ ਸਤਿਗੁਰੂ ਦੇ ਚਰਨਾਂ ਨਾਲ ਸੱਚਾ ਨੇਹੁ ਕੀਤਾ ਹੈ, ਸਤਿਗੁਰੂ ਨੇ ਉਹਨਾਂ ਸਿੱਖਾਂ ਨੂੰ ਆਪਣੇ ਸੀਨੇ ਨਾਲ ਲਾਇਆ। ਉਹਨਾਂ ਨੂੰ ਸਤਿਗੁਰੂ ਦੀ ਪ੍ਰਾਪਤੀ ਹੋਈ, ਪਰਮੇਸ਼ਰ ਦੀ ਪ੍ਰਾਪਤੀ ਹੋਈ। ਇਸ ਤੋਂ ਉਲਟ ਜਿਹੜੇ ਮੋਹ ਦੇ ਸੰਬੰਧ ਹਨ, ਉਹਨਾਂ ਦੀ ਸਤਿਗੁਰ ਨਾਲ ਪ੍ਰੀਤ ਨਹੀਂ, ਪਦਾਰਥਾਂ ਨਾਲ ਪ੍ਰੀਤ ਹੁੰਦੀ ਹੈ। ਜਦ ਸਿੱਖ ਇਹ ਸੋਚੇ, ਸੱਚੇ ਪਾਤਸ਼ਾਹ ਮੇਰਾ ਆਹ ਕੰਮ ਪੂਰਾ ਹੋ ਜਾਵੇ, ਮੈਨੂੰ ਪੈਸੇ ਮਿਲ ਜਾਵੇ, ਮੇਰੀ ਆਹ ਕਾਮਨਾ ਪੂਰੀ ਹੋ ਜਾਵੇ, ਉੱਥੇ ਪ੍ਰੇਮ ਨਹੀਂ ਸਵਾਰਥ ਹੈ। ਇਹ ਮੋਹ ਦਾ ਰਿਸ਼ਤਾ ਹੈ। ਗੁਰਬਾਣੀ ਚ ਪਾਤਸ਼ਾਹ ਜੀ ਲਿਖਦੇ ਹਨ।

ਪੰਕਜ ਮੋਹ ਪਗ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥

ਮੋਹ ਦੇ ਸੰਬੰਧ ਸਾਨੂੰ ਅੱਗੇ ਨਹੀਂ ਵਧਣ ਦਿੰਦੇ, ਜਿਵੇਂ ਇੱਕ ਇਨਸਾਨ ਕਿਸੇ ਦਲਦਲ ਵਿੱਚ ਫਸ ਜਾਏ ਤੇ ਉਹ ਉਸ ਦਲਦਲ ਵਿੱਚੋਂ ਆਪੇ ਨਿਕਲ ਨਹੀਂ ਸਕਦਾ, ਉਵੇਂ ਹੀ ਉਸ ਵਿੱਚ ਹੀ ਡੁੱਬ ਜਾਂਦਾ ਹੈ। ਇਸੇ ਤਰ੍ਹਾਂ ਜਿਹੜੇ ਸਾਡੇ ਮੋਹ ਦੇ ਸੰਬੰਧ ਹਨ, ਉਹ ਸਾਨੂੰ ਇਸ ਸੰਸਾਰ ਦੇ ਚਿੱਕੜ ਚੋਂ ਬਾਹਰ ਨਹੀਂ ਨਿਕਲਣ ਦਿੰਦੇ। ਅਸੀਂ ਮੋਹ ਵਸ ਇਸੇ ਹੀ ਵਿੱਚ ਫਸੇ ਰਹਿ ਜਾਂਦੇ ਹਾਂ ਅਤੇ ਜਨਮ-ਮਰਣ ਦੇ ਚੱਕਰ ਕੱਟਦੇ ਹਨ।

ਮੋਹ ਬੰਧਨ ਹੈ, ਪਰ ਪ੍ਰੇਮ ਮੁਕਤੀ ਹੈ ਜੇ ਮੋਹ ਜਨਮ-ਮਰਣ ਦੇ ਚੱਕਰ ਵਿੱਚ ਤਾਂ ਪ੍ਰੇਮ ਸਾਨੂੰ ਇਸ ਤੋਂ ਮੁਕਤ ਕਰਦਾ ਹੈ। ਮੋਹ ਦਿਆਂ ਰਿਸ਼ਤਿਆਂ ਵਿੱਚ ਕੋਈ ਨਾ ਕੋਈ ਸਵਾਰਥ ਜ਼ਰੂਰ ਹੁੰਦਾ ਹੈ। ਜੇ ਉਹ ਸਵਾਰਥ ਪੂਰਾ ਨਹੀਂ ਹੁੰਦਾ ਤੇ ਅਸੀਂ ਉਹਨਾਂ ਰਿਸ਼ਤਿਆਂ ਨੂੰ ਵੀ ਛੱਡ ਦਿੰਦੇ ਹਾਂ। ਪਰ ਪ੍ਰੇਮ ਸਮਰਪਣ ਹੈ, ਇਸ ਵਿੱਚ ਕੋਈ ਸਵਾਰਥ ਨਹੀਂ ਹੁੰਦਾ। ਪ੍ਰੇਮ ਦੇ ਰਿਸ਼ਤੇ ਅਟੁੱਟ ਹੁੰਦੇ ਹਨ। ਇਹ ਆਤਮਾ ਦੇ ਤਲ ਤੇ ਹੋਣ ਕਰਕੇ ਅਧਿਆਤਮਿਕ ਹੈ, ਪਰ ਮੋਹ ਸੰਸਕਾਰਿਕ ਹੈ। ਜੋ ਸਰੀਰ ਨੂੰ ਪਦਾਰਥਾਂ ਨਾਲ ਜੋੜਦਾ ਹੈ। ਇਹ ਨਿਰਮਲ ਨਹੀਂ, ਨਿਮਨ ਹੈ। ਪਰ ਪ੍ਰੇਮ ਬਹੁਤ ਉੱਚਾ ਤੇ ਸੁੱਚਾ ਹੈ, ਜੋ ਪਰਮਾਤਮਾ ਨਾਲ ਮਿਲਣ ਦਾ ਸਾਧਨ ਹੈ।

ਇੱਕ ਪ੍ਰੇਮ ਨਾਲ ਭਰੇ ਸਿੱਖ ਨੂੰ ਸਤਿਗੁਰੂ ਦੇ ਦਰਸ਼ਨ ਮਾਤਰ ਹੀ ਸਕੂਨ ਆ ਜਾਂਦਾ ਹੈ, ਪਰ ਮੋਹੀ ਨੂੰ ਉਦੋਂ ਤੱਕ ਸਕੂਨ ਨਹੀਂ ਹੁੰਦਾ, ਜਦੋਂ ਤੱਕ ਉਸਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ। ਪਾਤਸ਼ਾਹ ਜੀ ਗੁਰਬਾਣੀ ਵਿੱਚ ਲਿਖਦੇ ਹਨ-

**ਬਾਕੀ ਸਫਾ ਨੰ 13 'ਤੇ**

# 23 ਮਾਰਚ ਦੇ ਸ਼ਹੀਦਾਂ ਦਾ ਬਦਲਾ ਲੈਣ ਵਾਲੀਆਂ ਦੋ ਨਾਬਾਲਗ ਬੰਗਾਲੀ ਕੁੜੀਆਂ



**ਸੁਖਦਰਸ਼ਨ ਨੱਤ**
94172-33404

ਸ਼ਾਂਤੀ ਘੋਸ਼ ਅਤੇ ਸੁਨੀਤੀ ਚੌਧਰੀ ਭਾਰਤੀ ਸੁਤੰਤਰਤਾ ਅੰਦੋਲਨ ਦੀਆਂ ਦੋ ਨੌਜਵਾਨ ਬਹਾਦਰ ਲੜਕੀਆਂ ਸਨ, ਜਿਨ੍ਹਾਂ ਨੇ ਬ੍ਰਿਟਿਸ਼ ਰਾਜ ਵਿਰੁੱਧ ਬਗ਼ਾਵਤ ਵਿਚ ਹਿੱਸਾ ਲਿਆ। ਇਹ ਘਟਨਾ ਕਾਮਿਲਾ (ਹੁਣ ਬੰਗਲਾਦੇਸ਼ ਵਿਚ) ਵਿਚ ਵਾਪਰੀ ਸੀ, ਜੋ ਉਸ ਵੇਲੇ ਬੰਗਾਲ ਪ੍ਰੈਜ਼ੀਡੈਂਸੀ ਦਾ ਹਿੱਸਾ ਸੀ। ਇਹ ਦੋਵੇਂ ਨਾਬਾਲਗ ਲੜਕੀਆਂ ਸਨ ਅਤੇ ਇਨ੍ਹਾਂ ਨੇ ਬ੍ਰਿਟਿਸ਼ ਅਧਿਕਾਰੀ ਨੂੰ ਗੋਲੀ ਮਾਰਨ ਨਾਲ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਫ਼ਾਂਸੀ ਦਾ ਬਦਲਾ ਲਿਆ।

ਸ਼ਾਂਤੀ ਘੋਸ਼ ਦਾ ਜਨਮ 22 ਨਵੰਬਰ 1916 ਨੂੰ ਕਲਕੱਤੇ ਵਿਚ ਹੋਇਆ ਸੀ। ਉਸ ਦੇ ਪਿਤਾ ਦੇਬੇਂਦਰ ਨਾਥ ਘੋਸ਼ ਇਕ ਸਰਗਰਮ ਦੇਸ਼ ਭਗਤ ਸਨ ਅਤੇ ਵਿਕਟੋਰੀਆ ਕਾਲਜ, ਕਾਮਿਲਾ ਵਿਚ ਫਿਲਾਸਫੀ ਦੇ ਪ੍ਰੋਫ਼ੈਸਰ ਸਨ। ਸ਼ਾਂਤੀ ਛੋਟੀ ਉਮਰ ਤੋਂ ਹੀ ਦੇਸ਼ ਭਗਤ ਮਾਹੌਲ ਵਿਚ ਪਲੀ ਅਤੇ ਵੱਡੀ ਹੋ ਕੇ ਯੁਗਾਂਤਰ ਪਾਰਟੀ ਵਿਚ ਸ਼ਾਮਲ ਹੋ ਗਈ, ਜੋ ਬ੍ਰਿਟਿਸ਼ ਰਾਜ ਵਿਰੁੱਧ ਹਥਿਆਰਬੰਦ ਬਗ਼ਾਵਤ ਨੂੰ ਉਤਸ਼ਾਹਿਤ ਕਰਦੀ ਸੀ। ਉਹ ਛੱਤਰੀ ਸੰਘਾ (ਲੜਕੀ ਵਿਦਿਆਰਥੀ ਸੰਘ) ਦੀ ਸੰਸਥਾਪਕ ਸੀ ਅਤੇ ਜਥੇਬੰਦੀ ਦੀ ਸੈਕਟਰੀ ਸੀ। ਉਸ ਨੇ ਸਵੈ-ਰੱਖਿਆ ਲਈ ਹਥਿਆਰਾਂ ਦੀ ਸਿਖਲਾਈ ਲਈ, ਜਿਸ ਵਿਚ ਤਲਵਾਰਾਂ, ਲਾਠੀਆਂ ਅਤੇ ਬੰਦੂਕਾਂ ਸ਼ਾਮਲ ਸਨ। ਉਹ ਵੱਡੀ ਉਮਰ ਵਾਲੀ ਔਰਤ ਵਾਂਗ ਲੱਗਣ ਲਈ ਸਫ਼ੈਦ ਸਾੜ੍ਹੀ ਪਹਿਨਦੀ ਅਤੇ ਵਾਲਾਂ ਦਾ ਚੂੜਾ ਕਰਿਆ ਕਰਦੀ ਸੀ।

ਸੁਨੀਤੀ ਚੌਧਰੀ ਦਾ ਜਨਮ 22 ਮਈ 1917 ਨੂੰ ਕਾਮਿਲਾ ਜ਼ਿਲ੍ਹੇ ਵਿਚ ਹੀ ਹੋਇਆ ਸੀ। ਉਹ ਫ਼ੈਜ਼ੂਨਿਸ਼ਾ ਬਾਲਿਕਾ ਵਿਦਿਆਲਿਆ ਵਿਚ ਪੜ੍ਹਦੀ ਸੀ ਅਤੇ ਉਸ ਦੇ ਪਰਿਵਾਰਕ ਮੈਂਬਰ ਵੀ ਆਜ਼ਾਦੀ ਸੰਗਰਾਮੀਏ ਸਨ, ਜਿਨ੍ਹਾਂ ਵਿਚ ਉਸ ਦੇ ਦੋ ਵੱਡੇ ਭਰਾ ਸ਼ਾਮਲ ਸਨ। ਉਹ ਸ਼ਾਂਤੀ ਘੋਸ਼ ਅਤੇ ਪ੍ਰਫੂਲਾ ਨੰਦਿਨੀ ਬ੍ਰਹਮਾ ਤੋਂ ਪ੍ਰਭਾਵਿਤ ਹੋਈ ਅਤੇ ਯੁਗਾਂਤਰ ਪਾਰਟੀ ਵਿਚ ਸ਼ਾਮਲ ਹੋ ਗਈ। ਉਸ ਨੇ 'ਮੀਰਾ ਦੇਵੀ' ਦੇ ਗੁਪਤ ਨਾਂ ਹੇਠ ਕੰਮ ਕੀਤਾ ਅਤੇ ਔਰਤ ਵਲੰਟੀਅਰ ਕੋਰ ਦੀ ਕਪਤਾਨ ਸਵਾਮੀ ਵਿਵੇਕਾਨੰਦ ਦੇ ਇਨ੍ਹਾਂ ਸ਼ਬਦਾਂ ਤੋਂ ਪ੍ਰਭਾਵਿਤ ਸੀ- ਜੀਵਨ ਮਾਤ-ਭੂਮੀ ਲਈ ਬਲੀਦਾਨ ਕਰਨ ਹਿੱਤ ਹੈ।' ਉਸ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਨੂੰ ਮਿਲ ਕੇ ਔਰਤਾਂ ਨੂੰ ਹਥਿਆਰਬੰਦ ਲੜਾਈ ਵਿਚ ਸ਼ਾਮਲ ਕਰਨ ਦੀ ਅਪੀਲ ਵੀ ਕੀਤੀ ਸੀ। ਇਹ ਦੋਵੇਂ ਕ੍ਰਾਂਤੀਕਾਰੀ ਲੜਕੀਆਂ ਇਨਕਲਾਬੀ ਸਾਹਿਤ ਅਤੇ ਉੱਲਾਸਕਰ ਦੱਤ ਵਰਗੇ ਉੱਘੇ ਇਨਕਲਾਬੀ ਆਗੂਆਂ ਤੋਂ ਪ੍ਰੇਰਿਤ ਸਨ। ਉਨ੍ਹਾਂ ਹਥਿਆਰ ਚਲਾਉਣ ਦੀ ਜੋ ਸਿਖਲਾਈ ਲਈ, ਉਸ ਵਿਚ ਮੈਨਾਮਤੀ ਪਹਾੜੀਆਂ ਵਿਚ ਫ਼ਾਇਰਿੰਗ ਦੀ ਪ੍ਰੈਕਟਿਸ ਕਰਨਾ ਵੀ ਸ਼ਾਮਲ ਸੀ।

14 ਦਸੰਬਰ 1931 ਨੂੰ, ਸ਼ਾਂਤੀ (15 ਸਾਲ) ਅਤੇ ਸੁਨੀਤੀ (14 ਸਾਲ) ਨੇ ਕਾਮਿਲਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਚਾਰਲਸ ਜੈਫ਼ਰੀ ਬੱਕਲੈਂਡ ਸਟੀਵਨਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਉਨ੍ਹਾਂ ਨੇ ਉਥੇ ਆਪਣੇ ਨਾਂ ਇੱਲਾ ਸੇਨ ਅਤੇ ਮੀਰਾ ਦੇਵੀ ਦੱਸੇ ਅਤੇ ਉਹ ਇਕ ਸਵਿਮਿੰਗ ਕਲੱਬ ਦੀਆਂ ਮੈਂਬਰ ਬਣਨ ਦੀ ਪ੍ਰਵਾਨਗੀ ਲੈਣ ਵਾਸਤੇ ਅਰਜ਼ੀ ਦੇਣ ਦੇ ਬਹਾਨੇ ਮੈਜਿਸਟ੍ਰੇਟ ਸਟੀਵਨਸ ਨੂੰ ਮਿਲਣ ਪਹੁੰਚੀਆਂ ਸਨ। ਜਦੋਂ ਉਹ ਅਰਜ਼ੀ ਲੈ ਕੇ ਵਾਪਸ ਮੁੜਿਆ, ਤਾਂ ਇਨ੍ਹਾਂ ਨੇ ਛੁਪਾਈਆਂ ਹੋਈਆਂ ਆਟੋਮੈਟਿਕ ਪਿਸਤੌਲਾਂ ਨਾਲ ਉਸ ਨੂੰ ਗੋਲੀਆਂ ਮਾਰ ਦਿੱਤੀਆਂ। ਉਹ ਮੌਕੇ 'ਤੇ ਹੀ ਮਰ ਗਿਆ। ਇਹ ਘਟਨਾ ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਔਰਤਾਂ ਵੱਲੋਂ ਕੀਤਾ ਗਿਆ ਇਕੋ-ਇਕ ਸਫਲ ਇਨਕਲਾਬੀ ਐਕਸ਼ਨ ਮੰਨਿਆ ਜਾਂਦਾ ਹੈ।

ਸ਼ਾਂਤੀ ਘੋਸ਼ ਤੇ ਸੁਨੀਤੀ ਚੌਧਰੀ ਦੀ ਇਹ ਕਾਰਵਾਈ ਬ੍ਰਿਟਿਸ਼ ਜ਼ੁਲਮਾਂ ਦੇ ਵਿਰੁੱਧ ਸੀ, ਖ਼ਾਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ 1931 ਨੂੰ ਫ਼ਾਂਸੀ ਦੇਣ ਦੇ ਵਿਰੋਧ ਵਿਚ। ਮਜਿਸਟ੍ਰੇਟ ਸਟੀਵਨਸ,

ਸਤਿਆਗ੍ਰਹਿ ਕਰਨ ਵਾਲੇ ਆਗੂਆਂ ਤੇ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਭੇਜਣ ਅਤੇ ਸ਼ਾਂਤਮਈ ਅੰਦੋਲਨਕਾਰੀਆਂ ਨੂੰ ਪਰੇਸ਼ਾਨ ਕਰਨ ਲਈ ਬਦਨਾਮ ਸੀ। ਇਸ ਤੋਂ ਇਲਾਵਾ, ਤਤਕਾਲੀ ਵਾਇਸਰਾਏ ਵਿਲਿੰਗਡਨ ਵੱਲੋਂ ਉਸ ਵਕਤ ਜਾਰੀ ਇਕ ਆਰਡੀਨੈਂਸ ਰਾਹੀਂ ਭਾਰਤੀਆਂ ਦੇ ਨਾਗਰਿਕ ਅਧਿਕਾਰਾਂ ਨੂੰ ਖੋਹ ਲਿਆ ਸੀ, ਜਿਸ ਵਿਚ ਬੋਲਣ ਦੀ ਆਜ਼ਾਦੀ ਵੀ ਸ਼ਾਮਲ ਸੀ। ਰਿਪੋਰਟਾਂ ਅਨੁਸਾਰ, ਬ੍ਰਿਟਿਸ਼ ਅਧਿਕਾਰੀ ਭਾਰਤੀ ਔਰਤਾਂ ਨਾਲ ਵੀ ਦੁਰਵਿਵਹਾਰ ਕਰਦੇ ਸਨ। ਇਨ੍ਹਾਂ ਇਨਕਲਾਬੀ ਲੜਕੀਆਂ ਨੇ ਇਸ ਕਾਰਵਾਈ ਨੂੰ ਬਦਲੇ ਅਤੇ ਦੇਸ਼ ਵਾਸੀਆਂ ਦੇ ਸਨਮਾਨ ਦੀ ਲੜਾਈ ਵਜੋਂ ਵੇਖਿਆ। ਕੁਝ ਦਹਾਕਿਆਂ ਬਾਅਦ ਸੁਨੀਤੀ ਦੀ ਧੀ ਭਾਰਤੀ ਸੇਨ ਨੇ ਦੱਸਿਆ,'ਮਾਂ ਕਹਿੰਦੀ ਹੁੰਦੀ ਸੀ ਕਿ ਉਹ ਕਾਰਵਾਈ ਵਕਤ ਦੀ ਜ਼ਰੂਰਤ ਸੀ। ਇਹ ਮਾਂ ਦੁਰਗਾ ਵੱਲੋਂ ਰਾਖਸ਼ਾਂ ਨੂੰ ਮਾਰਨ ਵਰਗਾ ਕਾਰਜ ਸੀ, ਨਾ ਕਿ ਮਹਿਜ਼ ਇਕ ਕਤਲ। ਘਟਨਾ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਅਤੇ ਅੰਤ ਜੇਲ੍ਹ ਭੇਜ ਦਿੱਤਾ ਗਿਆ। ਪੇਸ਼ੀਆਂ ਦੌਰਾਨ ਅਦਾਲਤ ਵਿਚ ਉਹ ਸ਼ਾਂਤੀ ਨਾਲ ਪੇਸ਼ ਆਈਆਂ, ਪਰ ਉਹ ਦੇਸ਼ ਪਿਆਰ ਦੇ ਗੀਤ ਜ਼ਰੂਰ ਗਾਉਂਦੀਆਂ। ਮੁਕੱਦਮੇ ਦੇ ਫ਼ੈਸਲੇ ਵਜੋਂ ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਪਰ ਉਹ ਫ਼ਾਂਸੀ ਨਾ ਮਿਲਣ ਕਾਰਨ ਨਿਰਾਸ਼ ਹੋਈਆਂ। ਕੈਦ ਦੌਰਾਨ ਸੁਨੀਤੀ ਨੂੰ ਹਿਜਲੀ ਡਿਟੈਨਸ਼ਨ ਕੈਂਪ ਵਿਚ ਤੀਜੇ ਦਰਜੇ ਦੇ ਕੈਦੀ ਵਜੋਂ ਰੱਖਿਆ ਗਿਆ।ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਭਾਰੀ ਨੁਕਸਾਨ ਉਠਾਉਣਾ ਪਿਆ-ਸੁਨੀਤੀ ਦੇ ਪਿਤਾ ਦੀ ਪੈਨਸ਼ਨ ਬੰਦ ਹੋ ਗਈ ਅਤੇ ਭਰਾ ਜੇਲ੍ਹ ਭੇਜੇ ਗਏ। 1939 ਵਿਚ ਮਹਾਤਮਾ ਗਾਂਧੀ ਅਤੇ ਬ੍ਰਿਟਿਸ਼ ਸਰਕਾਰ ਵਿਚਕਾਰ ਸਮਝੌਤੇ ਤਹਿਤ ਉਨ੍ਹਾਂ ਨੂੰ ਮੁਆਫ਼ੀ ਮਿਲੀ ਅਤੇ ਉਹ 7 ਸਾਲਾਂ ਬਾਅਦ ਜੇਲੋਂ ਰਿਹਾਅ ਹੋਈਆਂ।

ਰਿਹਾਈ ਤੋਂ ਬਾਅਦ ਸੁਨੀਤੀ ਨੇ ਆਪਣੀ ਪੜ੍ਹਾਈ ਜਾਰੀ ਰੱਖੀ, ਉਸ ਨੇ ਐਮ.ਬੀ.ਬੀ.ਐਸ. ਕੀਤੀ ਅਤੇ ਡਾਕਟਰ ਬਣੀ। ਉਹ ਬੰਗਾਲ ਦੇ ਸ਼ਹਿਰ ਚੰਦਨ ਨਗਰ ਦੇ ਹਸਪਤਾਲ ਵਿਚ ਕੰਮ ਕਰਦੀ ਰਹੀ ਅਤੇ ਬਾਅਦ ਵਿਚ ਆਪਣਾ ਨਰਸਿੰਗ ਹੋਮ ਖੋਲ੍ਹ ਲਿਆ। ਉਸ ਨੇ 1947 ਵਿਚ ਪ੍ਰਜੀਤ ਕੁਮਾਰ ਘੋਸ਼ ਨਾਲ ਵਿਆਹ ਕੀਤਾ ਅਤੇ ਉਨ੍ਹਾਂ ਦੇ ਇਕ ਧੀ ਪੈਦਾ ਹੋਈ।ਉਹ ਰਾਜਨੀਤੀ ਵਿਚ ਨਹੀਂ ਆਈ ਅਤੇ ਉਸ ਦੇ ਜੀਵਨ ਦਾ ਅੰਤ 1990 ਦੇ ਕਰੀਬ ਹੋਇਆ।ਉਹ ਆਜ਼ਾਦ ਭਾਰਤ ਵਿਚਲੇ ਨਿਜ਼ਾਮ ਤੋਂ ਬੜੀ ਨਿਰਾਸ਼ ਸੀ ਅਤੇ ਕਹਿੰਦੀ ਹੁੰਦੀ ਸੀ ਕਿ ਇਹ ਉਹ ਭਾਰਤ ਨਹੀਂ, ਜਿਸ ਲਈ ਇਨਕਲਾਬੀਆਂ ਨੇ ਲੜਾਈ ਲੜੀ ਸੀ।

ਸ਼ਾਂਤੀ ਘੋਸ਼ ਨੇ ਬੰਗਾਲੀ ਵੂਮੈਨਜ਼ ਕਾਲਜ ਵਿਚ ਪੜ੍ਹਾਈ ਕੀਤੀ, ਕਮਿਊਨਿਸਟ ਅੰਦੋਲਨ ਵਿਚ ਹਿੱਸਾ ਲਿਆ ਅਤੇ ਬਾਅਦ ਵਿਚ ਭਾਰਤੀ ਨੈਸ਼ਨਲ ਕਾਂਗਰਸ ਵਿਚ ਸ਼ਾਮਲ ਹੋਈ।ਉਸ ਨੇ 1942 ਵਿਚ ਪ੍ਰੋਫ਼ੈਸਰ ਚਿਤਰੰਜਨ ਦਾਸ ਨਾਲ ਵਿਆਹ ਕਰਵਾਇਆ।ਉਹ 1952-62, 1962-64, 1967-68 ਦੌਰਾਨ ਪੱਛਮੀ ਬੰਗਾਲ ਵਿਧਾਨ ਸਭਾ ਦੀ ਮੈਂਬਰ ਰਹੀ। ਉਸ ਨੇ ਇਕ ਕਿਤਾਬ 'ਅਰੁਣ ਵਾਹਨੀ' ਲਿਖੀ ਅਤੇ ਇੰਝ ਉਹ ਇਕ ਲੇਖਿਕਾ ਵਜੋਂ ਵੀ ਜਾਣੀ ਜਾਂਦੀ ਸੀ। ਇਹ ਦੋਵੇਂ ਲੜਕੀਆਂ ਭਾਰਤੀ ਔਰਤਾਂ ਦੀ ਬਹਾਦਰੀ ਦੀ ਮਿਸਾਲ ਹਨ ਅਤੇ ਉਨ੍ਹਾਂ ਨੇ ਸਾਬਿਤ ਕੀਤਾ ਕਿ ਆਜ਼ਾਦੀ ਦੀ ਲੜਾਈ ਵਿਚ ਔਰਤਾਂ ਵੀ ਪਿੱਛੇ ਨਹੀਂ ਰਹਿੰਦੀਆਂ।ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਬੰਗਾਲ ਵਿਚ ਅੱਜ ਵੀ ਕੌਮੀ ਨਾਇਕਾਂ ਵਜੋਂ ਚੇਤੇ ਕੀਤਾ ਜਾਂਦਾ ਹੈ।

.........................................................

## ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

ਦਾਤ ਪਿਆਰੀ ਵਿਸਰਿਆ ਦਾਤਾਰ॥

ਜੇ ਸਾਨੂੰ ਸਤਿਗੁਰੂ ਨਾਲੋਂ ਸਤਿਗੁਰ ਤੋਂ ਮਿਲੇ ਪਦਾਰਥ ਚੰਗੇ ਲੱਗਦੇ ਹਨ ਤੇ ਅਸੀਂ ਆਪਣੀ ਅਵਸਥਾ ਸਮਝ ਸਕਦੇ ਹਾਂ ਕਿ ਅਸੀਂ ਸਤਿਗੁਰੂ ਨਾਲ ਮੋਹ ਵਸ ਜੁੜੇ ਹਾਂ ਜਾਂ ਸਤਿਗੁਰ ਦੇ ਚਰਨਾਂ ਨਾਲ ਸੱਚੀ ਪ੍ਰੀਤ ਹੈ। ਜੇਕਰ ਅਸੀਂ ਅਜੇ ਆਪਣੀਆਂ ਕੁਝ ਇੱਛਾਵਾਂ ਰੱਖ ਕੇ ਹੀ ਗੁਰਦੁਆਰੇ ਆਉਂਦੇ ਹਾਂ ਤਾਂ ਇਸ ਨੂੰ ਇੱਕ ਚੰਗੀ ਸ਼ੁਰੂਆਤ ਮੰਨਿਆ ਜਾਂਦਾ ਹੈ, ਕਿਉਂਕਿ ਜਦੋਂ ਸਤਿਗੁਰ ਮਿਹਰ ਕਰਦਾ ਹੈ ਤਾਂ ਸਿੱਖ ਦਾ ਮਨ ਦਾਤਾਂ ਤੋਂ ਦਾਤਾਰ ਵੱਲ ਮੁੜਦਾ ਹੈ। ਮੋਹ ਦੀ ਰਾਹ ਤੋਂ ਪ੍ਰੇਮ ਦੀ ਰਾਹ ਤੇ ਪੈਂਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਮੈਂ ਅਤੇ ਮੇਰੇ ਤੋਂ ਨਿਕਲ ਕੇ ਅਸੀਂ ਤੂੰ ਅਤੇ ਤੇਰੇ ਤੱਕ ਪਹੁੰਚ ਸਕਦੇ ਹਾਂ। ਸਤਿਗੁਰੂ ਸਾਡੇ ਤੇ ਵੀ ਕਿਰਪਾ ਕਰਨ ਸਾਡੇ ਮੋਹ ਜਾਲ ਕੱਟੇ ਜਾਣ ਅਤੇ ਅਸੀਂ ਸਤਿਗੁਰ ਦੇ ਚਰਨਾਂ ਨਾਲ ਪ੍ਰੇਮ ਦੀਆਂ ਡੋਰਾਂ ਨਾਲ ਬੰਨੇ ਜਾਈਏ ਅਤੇ ਸੰਸਾਰ ਸਾਗਰ ਤੋਂ ਪਾਰ ਹੋ ਜਾਈਏ।

.........................................................

# ਬਿਖੜੇ ਪੈਂਡਿਆ ਦੇ ਰਾਹੀ–
# ਸ੍ਰੀ ਸਤਿਗੁਰੂ ਹਰੀ ਸਿੰਘ ਜੀ



**ਸੰਤਾ ਸਿੰਘ ਵਿਰਕ (ਆਸਟ੍ਰੇਲੀਆ)**
+61467521573

ਭਾਵੇਂ ਨਾਮਧਾਰੀ ਸਮਾਜ ਤੇ ਅਨੇਕਾਂ ਹੀ ਵਾਰ ਮੁਸ਼ਕਿਲਾਂ ਦਾ ਸਮਾਂ ਬਣਿਆ ਰਹਿਆ, ਪਰ ਸਭ ਤੋਂ ਜਿਆਦਾ ਮੁਸ਼ਕਿਲ ਦਾ ਸਮਾਂ ਸਤਿਗੁਰੂ ਹਰੀ ਸਿੰਘ ਜੀ ਵੇਲੇ ਰਹਿਆ। ਸਭ ਤੋਂ ਪਹਿਲਾ ਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਅਕਾਲ ਚਲਾਣਾ ਕਰ ਗਏ। ਸਤਿਗੁਰੂ ਜੀ ਬੜੇ ਜਿਰਾਂਦ ਤੇ ਸਬਰ ਦੇ ਧਾਰਨੀ ਸਨ ਪਰ ਜੀਵਨ ਸਾਥੀ ਦਾ ਤੁਰ ਜਾਣ ਦਾ ਉਸਨੂੰ ਹੀ ਪਤਾ ਲੱਗ ਸਕਦਾ ਹੈ ਜਿਸ ਦੇ ਨਾਲ ਬੀਤੀ ਹੋਵੇ। ਜੇ ਅੱਗੇ ਦੇਖੀਏ ਤੇ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਪੰਥ ਦੇ ਲਈ ਸਭ ਤੋਂ ਵੱਡਾ ਬਿਖੜਾ ਪੈਂਡਾ ਸੀ, ਨਾਮਧਾਰੀ ਸਮਾਜ ਦੇ ਰਹਿਬਰ, ਅਕਾਲ ਪੁਰਖ, ਦੀਨਾ ਬੰਧੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਹੋਣਾ।

੧੭ ਜਨਵਰੀ ੧੯੭੨ ਈ. ਨੂੰ ਮਲੇਰਕੋਟਲਾ ਦੇ ਸਾਕੇ ਵਾਲੇ ਦਿਨ ਮਹਾਰਾਜ ਬੁੱਧ ਸਿੰਘ ਜੀ ਨੂੰ ਮਹਿਸੂਸ ਹੋਣ ਲੱਗਾ ਕਿ ਇਹ ਗੋਰੀ ਸਰਕਾਰ ਸਤਿਗੁਰੂ ਜੀ ਨੂੰ ਨੁਕਸਾਨ ਵੀ ਪਹੁੰਚਾ ਸਕਦੀ ਹੈ। ਫਿਰ ਮਹਾਰਾਜ ਬੁੱਧ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਜ ਕੀਤੀ। ਇਹ ਦ੍ਰਿਸ਼ ਸਤਿਗੁਰੂ ਬਿਲਾਸ ਵਿਚ ਸੰਤ ਸੰਤੋਖ ਸਿੰਘ ਜੀ ਇੰਝ ਲਿਖਦੇ ਹਨ, "ਮਹਾਰਾਜ ਬੁੱਧ ਸਿੰਘ ਜੀ ਨੇ ਅਰਜ਼ ਕੀਤੀ, ਦੀਨਾ ਨਾਥ ਜੀ ਆਹ ਸਭ ਕੁਜ ਮੈਂ ਆਪਣੇ ਸਿਰ ਮੱਥੇ ਮੜ੍ਹ ਲੈਂਦਾ ਹਾਂ। ਆਹ ਸਭ ਕੁਜ ਮੈਂ ਕਰਵਾਇਆ ਹੈ। ਆਪ ਜੀ ਦੀ ਥਾਂ ਤੇ ਮੈ ਤੁਰ ਜਾਂਦਾ ਹਾਂ, ਤੁਸੀਂ ਇੱਥੇ ਹੀ ਰਹੋ ਆਪ ਤੋਂ ਬਗੈਰ ਸੰਗਤਾਂ ਨਹੀਂ ਰਹਿ ਸਕਦੀਆ। ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ, ਇਹ ਕੰਮ ਮੇਰੇ ਜਾਣ ਦਾ ਹੀ ਹੈ ਮੇਰੇ ਗਇਆਂ ਬਗੈਰ ਨਹੀਂ ਸਰਨਾ।"

ਇਹ ਸੰਜੋਗ ਦੀ ਹੀ ਗੱਲ ਸੀ, ੧੭ ਜਨਵਰੀ ੧੯੭੨ ਨੂੰ ਜਦੋਂ ਸਤਿਗੁਰੂ ਰਾਮ ਸਿੰਘ ਜੀ ਲੁਧਿਆਣੇ ਗਏ, ਉਸ ਦਿਨ ਬੁੱਧਵਾਰ ਸੀ। ਇਹ ਤੇ ਸਤਿਗੁਰੂ ਜੀ ਦੀ ਰਜ਼ਾ ਹੀ ਸੀ। ਮਹਾਰਾਜ ਬੁੱਧ ਸਿੰਘ ਨਾਮਧਾਰੀ ਪੰਥ ਦੀ ਸਿਰੇ ਤੋਂ ਹੀ ਵਿਉਂਤ ਬੰਦੀ ਕਰਨਗੇ। ੫ ਫਰਵਰੀ ੧੯੭੨ ਨੂੰ ਭੈਣੀ ਸਾਹਿਬ ਦੀਆਂ ਸਾਰੀਆਂ ਕੁੰਜੀਆਂ ਮਹਾਰਾਜ ਬੁੱਧ ਸਿੰਘ ਜੀ ਨੂੰ ਮਿਲ ਗਈਆਂ। ਮਹਾਰਾਜ ਬੁੱਧ ਸਿੰਘ ਜੀ ਬਾਰੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਨਾਮਧਾਰੀ ਪੰਥ ਦੀ ਕਾਰ ਸੰਭਾਲ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਪ੍ਰਕਾਸ਼ ਵਿੱਚ ਲਿਖਿਆ ਹੈ:-

ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹਹਿ ਕਾਰ ਤਿਨ ਕੇਰ ਪੈ।
ਦੋਸ਼ਹੀਣ ਉਸ ਸਮੇ ਰਾਮ ਸਿੰਘ ਕੋ ਰੰਗੂਨ,
ਭੇਜ ਦੀਓ ਅੰਗਰੇਜੈ, ਖੂਬ ਸੋਚ ਫੇਰ ਭੇਜ ਪੈ।
ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜ ਤੇਈ,
ਜੋੜ ਤੋਰ ਦੀਓ ਏਸ ਪੰਥ ਕੋ ਬਖੇਰ ਪੈ।
ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹੇ,
ਅਬਿ ਹੈ ਮਹੰਤ ਕੰਤ ਕੂਕਿਓਂ ਕਾ ਹੇਰ ਪੈ।

ਮਹਾਰਾਜ ਬੁੱਧ ਸਿੰਘ ਜੀ ਵਾਸਤੇ ਇੱਕ ਬਿਖੜਾ ਪੈਂਡਾ ਇਹ ਸੀ: ਸਿੰਘਾਂ ਦੇ ਉਦਾਸ ਚਿਹਰੇ ਤੇ ਵੈਰਾਗੀ ਨੈਣ। ਇਸ ਲਈ ਮਹਾਰਾਜ ਬੁੱਧ ਸਿੰਘ ਜੀ ਨੇ ਬਾਣੀ ਦਾ ਆਸਰਾ ਸਹੀ ਸਮਝਿਆ। ਸਾਰੀ ਸਾਧ- ਸੰਗਤ ਨਾਮ ਸਿਮਰਨ ਤਾਂ ਕਰਨ ਲੱਗ ਪਤੀ ਸੀ ਪਰ ਇੱਕ ਮੁਸ਼ਕਿਲ ਇਹ ਸੀ ਕਿ ਬਾਣੀ ਦੇ ਪਾਠ ਕਿਸ ਤਰ੍ਹਾਂ ਹੋਣ। ਜੇ ਸਧਾਰਨ ਪਾਠ ਕਰਦੇ, ਜੋ ਕਿ ੭ ਦਿਨਾਂ ਵਿੱਚ ਹੁੰਦਾ ਸੀ, ਉਹ ਪੂਰਾ ਨਹੀਂ ਸੀ ਹੁੰਦਾ ਕਿਓਂਕਿ ਮੁਖ਼ਬਰ ਪੁਲਿਸ ਨੂੰ ਸ਼ਿਕਾਇਤ ਕਰ ਦਿੰਦੇ ਸਨ। ਫਿਰ ਸਤਿਗੁਰੂ ਜੀ ਨੇ ਅਖੰਡ ਪਾਠ ਕਰਨ ਦੀ ਰੀਤ ਦੀ ਸਥਾਪਨਾ ਕੀਤੀ। ਸਤਿਗੁਰੂ ਹਰੀ ਸਿੰਘ ਜੀ ਨੇ ੫ ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਵਾਸਤੇ ੧੯੭੨ ਨੂੰ ਕਰਵਾਏ। ਜੋ ਕਿ ਇਤਿਹਾਸ ਵਿੱਚ ਮਰਿਆਦਾ ਅਨੁਸਾਰ ਸਭ ਤੋਂ ਪਹਿਲੇ ਅਖੰਡ ਪਾਠ ਕੀਤੇ ਗਏ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਪਾਠ, ੪੮ ਘੰਟਿਆਂ ਵਿੱਚ ਪੂਰਾ ਕਰਨ ਦਾ ਹੁਕਮ ਦਿੱਤਾ ਸੀ। ਇਧਰ ਅਜੇ ਅਖੰਡ ਪਾਠ ਤੋਰੇ ਹੀ ਸਨ, ਸ਼ੇਰ ਖਾਂ ਨਾਮ ਦੇ ਬੰਦੇ ਨੇ ਵਾਇਸਰਾਏ ਲਾਰਡ ਦਾ ਕਤਲ ਕਰ

ਦਿੱਤਾ। ਜਦੋਂ ਇਹ ਖ਼ਬਰ ਸ੍ਰੀ ਭੈਣੀ ਸਾਹਿਬ ਪਹੁੰਚੀ ਤਾਂ ਇਹ ਸਮਝਿਆ ਗਿਆ ਕਿ ਇਹ ਸਭ ਪਾਠਾਂ ਦਾ ਹੀ ਪ੍ਰਤਾਪ ਹੈ।

ਸਭ ਤੋਂ ਸੌਖਾ ਸਾਹ ਓਦੋਂ ਆਇਆ, ਜਦੋਂ ਬਾਬਾ ਦਰਬਾਰਾ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ, ਹੁਕਮਨਾਮੇ ਨਾਲ ਸ੍ਰੀ ਭੈਣੀ ਸਾਹਿਬ ਭਾਈ ਬੁੱਧ ਸਿੰਘ ਨੂੰ ਮਿਲੇ । ਹੁਕਮਨਾਮੇ ਵਿਚ, ਮਹਾਰਾਜ ਬੁੱਧ ਸਿੰਘ ਜੀ ਬਾਰੇ ਲਿਖਿਆ ਸੀ:-

ਅੱਜ ਤੋਂ ਇਹ ਹਰੀ ਸਿੰਘ ਹੋਇਆ,
ਇਹ ਸਿੱਖੀ ਨੂੰ ਹਰੀ ਰੱਖੇਗਾ,
ਮੇਰੇ ਧੱਕੇ ਨੂੰ ਇਹ ਬਖਸ਼ ਦੇਵੇਗਾ,
ਪਰ ਮੈਂ ਇਹਦੇ ਧੱਕੇ ਨੂੰ ਨਹੀਂ ਬਖ਼ਸ਼ਾਂਗਾ।

ਦੀਵੇ ਦੀ ਲੋਅ ਭਾਵੇਂ ਘੱਟ ਸੀ, ਪਰ ਸਿੱਖਾਂ ਦੇ ਚਿਹਰੇ ਤੇ ਖੁਸ਼ੀ ਵੇਖੀ ਜਾ ਸਕਦੀ ਸੀ। ਇਹ ਖੁਸ਼ੀ ਜਨਵਰੀ ੧੯੨੫ ਵਿੱਚ ਨਸੀਬ ਹੋਈ।

ਇੱਧਰ ਪੰਜਾਬ ਵਿੱਚ ਆਪਣੇ ਸਿੱਖ ਭਰਾ ਵੀ ਨਾਮਧਾਰੀਆਂ ਵਿਰੁੱਧ ਸਨ। ਥਾਂ-ਥਾਂ ਢੋਲ ਵਜਾ ਕੇ ਇਹ ਕਿਹਾ ਜਾਂਦਾ ਸੀ ਕਿ ਜੋ ਕੋਈ ਕਹੇਗਾ ਕਿ ਰਾਮ ਸਿੰਘ ਆਵੇਗਾ, ਉਸਨੂੰ ਸਜਾ ਦੇਵਾਂਗੇ। ਇੱਥੋਂ ਤੱਕ ਕਿ ਪਟਿਆਲਾ, ਨਾਭਾ, ਫ਼ਰੀਦਕੋਟ, ਕਪੂਰਥਲਾ ਦੇ ਰਾਜਿਆਂ-ਮਹਾਰਾਜਿਆਂ ਨੇ ਪਿੰਡਾਂ ਦੇ ਨਾਮਧਾਰੀਆਂ ਨੂੰ ਕਹਿਣਾ ਕਿ ਕੂਕਪੁਣਾ ਛੱਡੋ, ਕਛਹਿਰਾ ਲਾਓ। ਜਦੋਂ ਪਾਠਾਂ ਦੀ ਸ਼ਿਕਾਇਤ ਪੁਲਿਸ ਵਾਲਿਆਂ ਨੂੰ ਕੀਤੀ ਜਾਂਦੀ ਤਾਂ ਉਸ ਵਕਤ ਇਹ ਕਿਹਾ ਕਿ ਜੇ ਪਾਠ ਕਰੋਗੇ ਤੇ ਵਿਦੇਸ਼ ਭਿਜਵਾ ਦੇਵਾਂਗੇ। ਪਾਠਾਂ ਦੇ ਭੋਗ ਦਾ ਮਹੱਤਵ ਇਹ ਸੀ ਕਿ ਸੰਗਤ ਵਿਚ ਸੁਨੇਹਾ ਪਹੁੰਚੇ ਕਿ ਸਤਿਗੁਰੂ ਜੀ ਦੀ ਥਾਂ ਖਾਲੀ ਨਹੀਂ, ਸਿੱਖਾਂ ਦੀ ਆਸ ਬਣੀ ਰਹੇ। ਜਦੋਂ ਸਿੱਖਾਂ ਨੇ ਸਤਿਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਆਉਣਾ, ੫ ਜਣਿਆਂ ਤੋਂ ਜਿਆਦਾ ਜਣਿਆਂ ਨੂੰ ਦਰਸ਼ਨ ਕਰਨ ਨਹੀਂ ਦਿੱਤੇ ਜਾਂਦੇ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਜੰਗਲ ਦੇ ਬਹਾਨੇ ਪਰਸ਼ਾਦਾ ਅਤੇ ਕੜਾਹ ਪ੍ਰਸ਼ਾਦ ਛਕਾਉਣਾ ਅਤੇ ਅਰਜ਼ਾਂ ਵੀ ਸੁਣਨੀਆ।

ਜਦੋਂ ਬਾਬਾ ਜੱਸਾ ਸਿੰਘ ਜੀ ਚੜ੍ਹਾਈ ਕੀਤੇ, ਓਨ੍ਹਾਂ ਦਾ ਸਸਕਾਰ ਮਨਸਾ ਰਾਮ ਦੀ ਸਮਾਧ ਕੋਲ ਰਾਈਆਂ ਲਾਗੇ ਕੀਤਾ ਗਿਆ। ਓਨ੍ਹਾਂ ਦੇ ਭੋਗ ਵਾਸਤੇ ਵੀ ਅਰਜੀ ਦੇ ਕੇ ਮਨਜ਼ੂਰੀ ਲੈਣੀ ਪਈ। ਅੰਗਰੇਜ਼ ਸਰਕਾਰ ਦਾ ਮਨੋਰਥ ਨਾ ਕੇਵਲ ਕੂਕਾ ਲਹਿਰ ਨੂੰ ਦਬਾਉਣਾ ਸੀ ਸਗੋਂ ਜਨਤਾ ਉੱਤੇ ਸਰਕਾਰੀ ਦਹਿਸ਼ਤ ਬਣਾਉਣਾ ਵੀ ਸੀ ਕਿ ਕੋਈ ਵੀ ਅੰਗਰੇਜ਼ ਸਰਕਾਰ ਦੇ ਖਿਲਾਫ਼ ਅਵਾਜ਼ ਨਾ ਉਠਾ ਸਕੇ।

ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਦੌਰਾ ਦੁਆਬੇ ਦਾ ਸੀ ਜਦੋਂ ਬੀਬੀ ਨੰਦਾ ਦੇ ਲੜਕੇ ਬਸੰਤ ਸਿੰਘ ਦਾ ਵਿਆਹ ਸੀ। ਸਾਧ ਸੰਗਤ ਨੇ ਰਜ ਰਜ ਕੇ ਦਰਸ਼ਨ ਕੀਤੇ। ਸਤਿਗੁਰੂ ਜੀ ਦਾ ਵੱਧਦਾ ਪ੍ਰਤਾਪ ਦੇਖ ਕੇ ਬੀਬੀ ਨੰਦਾ ਨੇ ਲੜਾਈ ਸ਼ੁਰੂ ਕਰ ਦਿੱਤੀ। ਹਰ ਵਕਤ ਘਰ ਵਿੱਚ ਲੜਾਈ ਰੱਖਣੀ। ਖਾਸ ਕਰਕੇ ਜਦੋਂ ਸਤਿਗੁਰੂ ਹਰੀ ਸਿੰਘ ਜੀ ਨੇ ਪ੍ਰਸ਼ਾਦਾ ਛਕਣ ਬੈਠਣਾ। ਬੀਬੀ ਨੰਦਾ ਨੇ ਬੋਲ- ਕੁਬੋਲ ਬੋਲੀ ਜਾਣਾ। ਪਰ ਸਤਿਗੁਰੂ ਜੀ ਸ਼ਾਂਤ ਹੋ ਕੇ ਸੁਣਦੇ ਰਹਿਣਾ। ਸਤਿਗੁਰੂ ਹਰੀ ਸਿੰਘ ਜੀ ਦੇ ਸ਼ਾਂਤ ਸੁਭਾਅ ਕਰਕੇ ਅੰਗਰੇਜ ਸਰਕਾਰ ਸਤਿਗੁਰੂ ਜੀ ਨੂੰ ਇੰਨਾ ਖ਼ਤਰਨਾਕ ਨਹੀਂ ਸਮਝਦੀ ਸੀ। ਅਕਾਲ ਸਮੇਂ ਭੁੱਖ-ਭਾਣੇ ਲੋਕਾਂ ਲਈ ਸਤਿਗੁਰੂ ਜੀ ਨੇ ਲੰਗਰ ਦੇ ਦਰਵਾਜੇ ਖੋਲ ਦਿੱਤੇ। ਪਾਠਾਂ ਦੇ ਨਾਲ-ਨਾਲ ਸਤਿਗੁਰੂ ਜੀ ਨੇ ਲੰਗਰ ਦੀ ਸੇਵਾ ਚਲਾਈ ਰੱਖੀ। ਅੰਗਰੇਜ਼ ਗਵਰਨਰ ਸਦਾ ਵਰਤ ਲੰਗਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਕਹਿਣ ਲੱਗਾ:-

'ਅਸੀਂ ਤੁਹਾਨੂੰ ੨੫੦੦ ਏਕੜ ਜਮੀਨ ਲੰਗਰ ਵਾਸਤੇ ਦਿੰਦੇ ਹਾਂ।"

ਸਤਿਗੁਰੂ ਜੀ ਨੇ ਕਿਹਾ,
ਤੁਸੀਂ ਸਾਡੇ ਦੇਸ਼ ਵਿਚੋਂ ਸਾਨੂੰ ਕੀ ਦੇਵੋਗੇ,
ਆਹ ਤੇ ਸਾਰਾ ਭਾਰਤ ਸਾਡਾ ਹੀ ਹੈ,
ਜਦੋਂ ਅਸੀਂ ਲਵਾਂਗੇ ਸਾਰਾ ਦੇਸ਼ ਹੀ ਲਵਾਂਗੇ।

ਸਤਿਗੁਰੂ ਜੀ ਦੀ ਕਿਰਪਾ ਨਾਲ ਥੋੜ੍ਹੇ ਸਮੇਂ ਬਾਅਦ ੫ ਸਿੱਖਾਂ ਦੀ ਥਾਂ ਤੇ ੧੦ ਸਿੱਖਾਂ ਨੂੰ ਗੁਰਦੁਆਰੇ ਅੰਦਰ ਜਾਣ ਦੀ ਮਨਜ਼ੂਰੀ ਮਿਲ ਗਈ। ਪਹਿਲੇ ਸਿੰਘ ਪਾਤਸ਼ਾਹੀ ੧੦ਵੀਂ, ੧੧ ਵੀਂ ਤੱਕ ਅਰਦਾਸ ਕਰਦੇ ਸੀ, ਸਤਿਗੁਰੂ ਹਰੀ ਸਿੰਘ ਜੀ ਨੇ ਪਾਤਸ਼ਾਹੀ ਬਾਰਵੀਂ ਤੱਕ ਅਰਦਾਸ ਕਰਨ ਦਾ ਹੁਕਮ ਦਿੱਤਾ। ਸਤਿਗੁਰੂ ਹਰੀ ਸਿੰਘ ਜੀ ਨੇ ਹਵਨ ਦੀਆਂ ਬਾਣੀਆਂ ਨਾਲ ਚੰਡੀ ਦੀ ਵਾਰ ਅਤੇ ਉਗ੍ਰ ਦੰਤੀ ਦਾ ਪਾਠ ਕਰਨ ਦਾ ਹੁਕਮ ਦਿੱਤਾ। ਪੰਜਾਬ ਦੀਆਂ ਲਹਿਰਾਂ' ਪੁਸਤਕ ਵਿੱਚ ਆਉਂਦਾ ਹੈ:-

ਅੰਗਰੇਜਾਂ ਨੇ ਨਾਮਧਾਰੀ ਸਮਾਜ ਨੂੰ ਸਿੱਖ-ਪੰਥ ਤੋਂ ਵੱਖਰਾ ਕਰਨ ਦੀ ਚਾਲ ਚੱਲੀ। ਅੰਗਰੇਜ਼ਾਂ ਨੇ ਲਾਹੌਰ ਦੀ ਸਿੰਘ ਸਭਾ ਕਮੇਟੀ 'ਚ ਸ਼ਾਮਲ ਹੋ ਕੇ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਸਿਧਾਂਤ ਬਣਾਇਆ ਅਤੇ ਕੂਕਿਆਂ ਦਾ ਵਿਰੋਧ ਕੀਤਾ। ਸਖ਼ਤੀਆਂ ਦੇ ਝੱਖੜ ਦਾ ਸਤਿਗੁਰੂ ਹਰੀ ਸਿੰਘ ਜੀ ਨੇ ਇਸ ਤਰ੍ਹਾ ਸਾਹਮਣਾ ਕੀਤਾ ਕਿ ਹਰ ਜਬਰ ਦਾ ਜਵਾਬ ਸਬਰ ਨਾਲ ਦੇ ਕੇ ਤੇ ਬਿਖੜੇ ਪੈਂਡਿਆ ਦੇ ਰਾਹੀ ਬਣ ਕ ਨਾਮਧਾਰੀ ਪੰਥ ਦੀ ਅਗਵਾਈ ਕਰਦੇ ਰਹੇ।

..........................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਸਤਿਗੁਰੂ ਜੀ ਹੁਣ ਬੈਂਗਲੌਰ ਦਿਲੀਓਂ ਨਹੀਂ ਜਾਣਗੇ ਬੈਂਕੋਕ ਤੋਂ ਹੋ ਕੇ ਬੰਬਈ ਆਉਣਗੇ ਏਥੋਂ ਬੈਗਲੌਰ ਨੂੰ ਜਹਾਜ ਉਡਿਆ ਜਾਵੇਗਾ। ਬੈਂਕੋਕ ਵਿਖੇ ਮਨਚੰਦਾ ਨੇ ਇਕ ਕਾਰ ਖਰੀਦੀ ਹੈ, ਓਥੇ ਉਹ ਦੀ ਗੱਡੀ ਵਿਚ ਚਰਨ ਪਾਉਣ ਜਾਣਾ ਹੈ। ਬੈਂਗਲੋਰ ਜਾਣ ਤੋਂ ਬੰਦੇ ਘਟਾਏ ਜਾ ਰਹੇ ਹਨ ਕਿ ਪੈਸੇ ਹੈ ਨਹੀਂ ਪਰ ਬੈਂਕੋਕ ਦਾ ਹਵਾਈ ਜਹਾਜ਼ ਦਾ ਕਰਾਇਆ ਤ੍ਰੈ ਟਿਕਟਾਂ ਦਾ ਦਿੱਤਾ ਜਾਇਗਾ ਆਦਿ।

ਸੰਤ ਤਰਸੇਮ ਸਿੰਘ ਦੇ ਕਮਰੇ ਵਿਚ ਹੀ ਬੈਠੇ ਸਾਂ ਕਿ ਸ. ਸਾਧੂ ਸਿੰਘ ਜਲੰਧਰ ਅਤੇ ਲੱਕੀ ਮਨਵਿੰਦਰ ਵੀਰ ਸਿੰਘ ਵੀ ਆ ਗਏ। ਫਤਹ ਫਤੂਹੀ ਤੋਂ ਬਾਅਦ ਗੱਲਾਂ ਕਰਦਿਆਂ ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਕਿਵੇਂ ਸਤਿਗੁਰੂ ਜੀ ਨੇ ਉਸਦੀ ਅਰਜ਼ ਮੰਨ ਕੇ ਮੇਰੇ ਤੇ ਚੁਅੱਖਰਾ ਭਜਨ ਵਾਰਦ ਕੀਤਾ। ਉਸਦੇ ਸ਼ਬਦਾਂ ਵਿਚ: "ਭਜਨ ਕਰਨ ਤੋਂ ਮੱਤ ਮਾਰੀ ਜਾਣ ਦੀ ਗੱਲ ਚਾਰ ਪੰਜ ਬੰਦਿਆਂ, ਜਿਨ੍ਹਾਂ ਵਿਚ ਇਕ ਮੈਂ ਵੀ ਸਾਂ, ਵਿਚਾਲੇ ਕਵੀ ਜੀ ਨੇ ਗੱਲ ਕੀਤੀ। ਮੈਂ ਤਾਂ ਤਦ ਤੋਂ ਹੀ ਦੁਖੀ ਹੋ ਗਿਆ, ਮੈਨੂੰ ਪਤਾ ਸੀ ਮੇਰੀ ਗੱਲ ਨਹੀਂ ਮੰਨੀ ਜਾਣੀ। ਮੈਂ ਸਤਿਗੁਰੂ ਜੀ ਨੂੰ ਅਰਜ਼ ਕੀਤੀ: ਦੀਨ ਦਿਆਲ ਕਵੀ ਜੀ ਬੜੇ ਵਧੀਆ ਆਦਮੀ ਹਨ, ਉਹ ਬੋਲ ਚਾਲ ਵਿਚ ਪੂਰਾ ਅਦਬ ਸਤਿਕਾਰ ਰਖਦੇ ਹਨ, ਉਹਨਾਂ ਦੀ ਲਿਖਤ ਵਿਚ ਵੀ ਅੰਦਰ ਭਿੱਜਾ ਲੱਗਦਾ ਹੈ, ਉਹਨਾਂ ਦਾ ਵਤੀਰਾ ਵੀ ਕਦੇ ਮਾੜਾ ਨਹੀਂ ਲੱਗਾ ਪਰ ਉਨ੍ਹਾਂ ਮਸਾਂ 5-6 ਜਾਣਿਆਂ ਵਿਚ ਐਸੀ ਗੱਲ ਕੀਤੀ ਹੈ ਜੋ ਉਨ੍ਹੀ ਹੀ ਅਯੋਗ ਸੀ ਅਤੇ ਮੈਂ ਉਹ ਸਾਰੀ ਗੱਲ ਦੱਸ ਦਿੱਤੀ ਤੇ ਨਾਲ ਹੀ ਅਰਜ਼ ਕੀਤੀ, ਸਾਡੀ ਤਾਂ ਉਨ੍ਹਾਂ ਮੰਨਣੀ ਨਹੀਂ ਆਪ ਹੀ ਉਹਨਾਂ ਤੇ ਕਿਰਪਾ ਕਰੋ, ਐਸੀਆਂ ਗੱਲਾਂ ਨਾ ਕਰਿਆ ਕਰਨ ਜੋ ਉਨ੍ਹਾਂ ਨੂੰ ਠੀਕ ਤਰ੍ਹਾਂ ਨਹੀਂ ਜਾਣਦੇ, ਉਨ੍ਹਾਂ ਤੇ ਬੁਰਾ ਅਸਰ ਪੈਂਦਾ ਹੈ ਇਹ ਸਾਰੀ ਵਾਰਤਾ ਸੁਣਾ ਕੇ ਕਹਿਆ "ਤਾਂ ਤੁਹਾਨੂੰ ਇਹ ਭਜਨ ਦੀ ਦਾਤ ਪ੍ਰਾਪਤ ਹੋਈ ਹੈ।"

ਇਸ ਦਾ ਮਤਲਬ ਇਹ ਹੋਇਆ ਕਿ ਮੇਰੀ ਗੱਲ ਨੂੰ ਮੇਰੇ ਕੋਲ ਆਉਂਦਿਆਂ ਲਗਭਗ ਦੋ ਸਾਲ ਲੱਗ ਗਏ।

ਸ. ਸਾਧੂ ਸਿੰਘ ਪਰਿਵਾਰ ਪੁੱਤਰੀ ਬਿੱਟੂ ਤੇ ਪਤਨੀ ਨਾਲ ਹੀ ਏਥੇ ਆਏ ਸਨ ਅਤੇ ਸ਼ਾਇਦ ਕੁੜਮਾਂ ਨੂੰ ਕੈਨੇਡਾ ਨੂੰ ਜਹਾਜੇ ਚੜਾਣਾ ਸੀ।

9:30 ਵਜੇ ਤੱਕ ਸਤਿਗੁਰੂ ਜੀ ਇਸ਼ਨਾਨ ਆਦਿ ਕਰਨੇ ਪ੍ਰਸ਼ਾਦ ਛਕਣ ਲੱਗੇ। ਇਸ ਮੌਕੇ ਤੇ ਸ. ਸਾਧੂ ਸਿੰਘ, ਲੱਕੀ ਅਤੇ ਸੇਠ ਤ੍ਰਲੋਕ ਸਿੰਘ ਅਤੇ ਸਕੱਤਰ ਹੁਰਾਂ ਨੂੰ ਵਿਸ਼ੇਸ਼ ਕਰ ਪਾਸ ਬੁਲਾਇਆ ਗਿਆ।

ਅੱਜ ਨਾਮ ਸਿਮਰਨ ਦਾ ਸਮਾਂ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ 3 ਤੋਂ 4 ਤੇ ਫਿਰ ਕੀਰਤਨ 5 ਵਜੇ ਤੱਕ ਸੀ ਪਰ ਮੈਂ ਸੰਤ ਬਿਅੰਤ ਸੋਖਲ ਦੇ ਪਾਸਪੋਰਟ ਬਾਰੇ, ਸਾਜਨ ਨਾਲ ਆਪਣੇ ਪਿੰਡ ਵਾਲੇ ਅਤੇ ਮਿੱਤਰ ਸ. ਅਮਰ ਸਿੰਘ ਪੰਜਾਬੀ ਬਾਗ ਪਾਸ ਇਹ ਸਮਾਂ ਲੱਗਾ ਕੇ ਆਇਆ।

ਮੈਂ ਅਤੇ ਮੇਰੀ ਪਤਨੀ ਸ਼ਾਮੀਂ 6:30 ਵਜੇ ਕੋਠੀ ਪੂਸਾ ਰੋਡ ਪੁੱਜੇ ਤਾਂ ਅੱਗੇ ਹੇਠਲੇ ਹਾਲ ਵਿਚ ਸੰਗੀਤ ਸਭਾ ਜਾਰੀ ਸੀ। ਵੀਹ ਤੀਹ ਸਰੋਤੇ ਅਤੇ ਸਤਿਗੁਰੂ ਜੀ ਆਪਣੇ ਕਲਾਕਾਰ ਜਥੇ ਨਾਲ ਬੈਠੇ ਮਗਨ ਮਨ ਸ੍ਰੀ ਪਵਨ ਕਮਾਰ ਚੰਡੀਗੜ੍ਹ ਵਾਲੇ ਦਾ ਤਬਲਾ ਵਾਦਨ ਸਰਵਣ ਕਰ ਰਹੇ ਸਨ। ਕਲਾਕਾਰ ਪ੍ਰੌਢ, ਖੂਬਸੂਰਤ, ਸੁਹਣੇ ਕਦ ਕਾਠ ਦਾ ਗੋਰਵਰਨੀ ਆਪਣੀ ਚੌੜੀ ਹਥੇਲੀ ਤੇ

ਲੰਮੀਆਂ ਉਂਗਲਾਂ ਨਾਲ ਪੰਜਾਬ ਘਰਾਣੇ ਦੀਆਂ ਰੀਤਾਂ ਨੂੰ ਰੂਪਮਾਨ ਕਰ ਰਿਹਾ ਸੀ। ਮੈਂ ਚਿਰ ਮਗਰੋਂ ਕਿਸੇ ਪਾਸੋਂ ਏਡੇ ਨਿਖਰਵੇਂ ਢੰਗ ਨਾਲ ਪੰਜਾਬੀ ਘਰਾਣੇ ਦਾ ਤਬਲਾ ਵਾਦਨ ਸੁਣ ਰਿਹਾ ਸਾਂ। ਵਾਦਨ ਆਪਣੇ ਧਿਆਨ, ਨਿਰਮਾਣ ਭਾਵ ਨਾਲ ਹਰ ਵਾਰ ਨਵੇਂ ਤੋਂ ਨਵਾਂ ਬੋਲ ਪੇਸ਼ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਆਉਂਦਿਆਂ ਹੀ ਮੈਨੂੰ ਕੋਲ ਬੈਠਾਲ ਲਿਆ ਤੇ ਕਲਾਕਾਰ ਬਾਰੇ ਜਾਣਕਾਰੀ ਦਿੱਤੀ ਸੀ। ਮੈਂ ਪਿੰਕੀ ਦਾ ਤੇ ਹੋਰ ਕਲਾਕਾਰਾਂ ਦੇ ਚਿਹਰੇ ਦੇ ਭਾਵ ਜਾਂਚ ਰਿਹਾ ਸਾਂ। ਸਾਰੇ ਹੀ ਪੂਰੀ ਤਰ੍ਹਾਂ ਖੱਚਤ ਸਨ, ਨਵੀਂ ਤੋਂ ਨਵੀਂ ਪਰਤ ਨੂੰ ਸੁਣਨ ਤੇ ਅਨੰਦ ਮਾਣਨ ਨੂੰ ਪਵਨ ਕੁਮਾਰ ਮੈਨੂੰ ਐਉਂ ਲੱਗਾ ਜਿਵੇਂ ਤੇਜ਼ ਵਾਹਨ ਤੇ ਸਵਾਰ ਦੂਰ ਦਿਸਦੀ ਮੰਜ਼ਲ ਤੇ ਪਹੁੰਚਣ ਲਈ ਵਾਹੋ ਦਾਹੀ ਦੌੜਿਆਂ ਜਾ ਰਿਹਾ ਹੋਵੇ। ਸੁਖਦੇਵ ਸਿੰਘ ਵਲੋਂ ਲਗਾਏ ਜਾ ਰਹੇ ਨਗਮੇ ਨਾਲ ਪਵਨ ਕੁਮਾਰ ਨੇ ਅਨੇਕਾਂ ਅਣ ਸੁਣੀਆਂ ਰੀਤਾਂ ਸੁਣਾਕੇ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। ਕੱਲ੍ਹ ਵਾਲੇ ਸਾਰੇ ਕਲਾਕਾਰ ਹਾਜ਼ਰ ਸਨ, ਨਾਮਧਾਰੀ ਰੂਪ ਵੀ ਅਤੇ ਦੂਜੇ ਗੁਣੀ ਜਨ ਵੀ ਸਨ ਜਿਵੇਂ ਪੰ. ਰਾਮ ਨਾਰਾਇਣ, ਇਹਨਾਂ ਦੀ ਪੁੱਤਰੀ ਅਰੁਣਾ ਸਮੇਤ ਪਤੀ ਅਸ਼ੋਕ ਕਲ੍ਹੇ ਨਾਲ, ਸ੍ਰੀ ਗੋਪਾਲ ਕਿਸਨ ਸ੍ਰੀ ਰਾਜਨ ਮਿਸ਼ਰਾ, ਪੰ. ਦੁਰਗਾ ਲਾਲ, ਸ੍ਰੀ ਅਲਾਉਂਦੀਨ ਖਾਂ ਅਸਰਾਜ ਵਾਦਨ, ਸ੍ਰੀ ਅਸ਼ੋਕ ਖੰਨਾ, ਸ੍ਰੀ ਸਤੀਸ਼ ਛਿੱਬਰ, ਸ੍ਰੀ ਜੋਲੀ ਲਾਗਰ ਸਰੋਤਿਆਂ ਵਿਚ ਵੀ ਕੁਛ ਨਵੇਂ ਚਿਹਰੇ ਸਨ: ਸ੍ਰੀ ਘਾਸੀ ਰਾਮ ਚਾਂਦਨੀ ਚੌਂਕ, ਸ. ਹੰਸਪਾਲ ਜੀ ਭੈਣੀ ਸਾਹਿਬ ਤੋਂ ਡਰਾਈਵਰ ਰਘੁਬੀਰ ਸਿੰਘ, ਗੁਰਦੇਵ ਪਤਨੀ ਗੁਰਮੀਤ ਕੌਰ ਤੇ ਉਹਦੇ ਲਾਡੀ ਲਵਲੀ ਸੂਤੀ ਸਰਮੁੱਖ ਸਿੰਘ ਰਾਜੋਰੀ ਗਾਰਡਨ ਸਮੇਤ ਪਤਨੀ, ਮੰਡੀ ਵਾਲੀਆਂ ਭੈਣਾਂ ਅਤੇ ਹੋਰ।

ਜਦ ਤੱਕ ਪਵਨ ਕੁਮਾਰ ਦੀਆਂ ਰੀਤਾਂ ਜਾਰੀ ਰਹੀਆਂ ਸਤਿਗੁਰੂ ਜੀ ਪਿੰਕੀ ਨਾਲ ਟਿਪਣੀਆਂ ਸਾਂਝੀਆਂ ਕਰਦੇ ਰਹੇ। ਸਤਿਗੁਰੂ ਜੀ ਕਲਾਕਾਰ ਤੇ ਹਿਰਦਿਓਂ ਪ੍ਰਸੰਨ ਸਨ- ਉਹਦੀਆਂ ਰੀਤਾਂ ਦੇ ਅਮੁਲ ਭੰਡਾਰ ਨੇ ਉਹਦੀ ਸੁੰਦਰਤਾ ਨੂੰ ਹੋਰ ਵੀ ਨਿਖਾਰ ਦਿੱਤਾ। 7:10 ਹੋਏ ਤਾਂ ਉਸਨੇ ਜ਼ਬਾਨੀ ਪਰ ਤੀਵਰਗਤੀ ਨਾਲ ਬੋਲ ਸੁਣਾ ਤੇ ਫਿਰ ਤਬਲੇ ਦੁਆਰਾ ਉਹਨਾਂ ਦਾ ਦੁਹਰਾਉ ਕਰਕੇ ਅੰਤ ਉੱਤੇ ਤਿਹਾਈਆਂ ਦੇ 6 ਚੱਕਰ ਲਿਆਕੇ ਸ੍ਰੀ ਸਤਿਗੁਰੂ ਜੀ ਨੂੰ ਹੋਰ ਵੀ ਅਨੰਦਤ ਕਰ ਦਿੱਤਾ ਅਤੇ ਨਾਲ ਹੀ ਸਮਾਪਤੀ ਵੀ ਕਰ ਦਿੱਤੀ। ਬਸ ਫਿਰ ਪ੍ਰਸ਼ੰਸਾ ਦੇ ਸਾਗਰ ਵਿਚ ਪਵਨ ਕੁਮਾਰ ਜੀ ਦੀਆਂ ਤਾਰੀਆਂ ਲੱਗਣ ਲੱਗੀਆਂ। ਸਤਿਗੁਰੂ ਜੀ ਦੇ ਪ੍ਰਸ਼ੰਸਾਤਮਨ ਸ਼ਬਦ ਸਨ: ਵਾਕਿਆ ਹੀ ਪਵਨ ਹੈ, ਕੁਮਾਰ।

ਅਵਤਾਰ ਸਿੰਘ ਅਮ੍ਰਿੰਤਸਰੀ ਮੇਰੇ ਪਾਸ ਹੀ ਬੈਠਾ ਸੀ। ਧੰਨ ਹੈ ਉਹ ਵੀ ਦੀਰਘ ਰੋਗ ਦੀ ਪਰਵਾਹ ਨਾ ਕਰਦਿਆਂ ਗੁਰੂ ਕੀ ਹਜ਼ੂਰੀ ਵਿਚ ਸੰਗੀਤ ਸਮਾਂ ਬਿਤਾਂਦਾ ਹੈ। ਇਸਨੇ ਮੈਨੂੰ ਦੱਸਿਆ: ਅਸਲ ਵਿਚ ਪੰਜਾਬ ਘਰਾਣੇ ਦੀ ਮਾਸਟਰੀ ਮੀਆਂ ਕਾਦਰ ਬਖਸ਼ ਸਾਹਿਬ ਪਾਸ ਹੀ ਸੀ। ਰਾਜਸਥਾਨ ਦੇ ਇਕ ਲਛਮਣ ਸਿੰਘ ਨੇ ਉਹਨਾਂ ਤੋਂ ਕੁਛ ਹੀ ਸਬਕ ਸਿਖੇ ਤੇ ਫਿਰ ਪਾਕਿਸਤਾਨ ਬਣ ਗਿਆ। ਬਹੁਤੇ ਤਬਲਾਵਾਦਨਾਂ ਦਾ ਅਸਲ ਗੁਰੂ ਤਾਂ ਸ੍ਰੀ ਪ੍ਰੇਮ ਵਲਭ ਹੀ ਹੈ ਜਿਸਨੇ ਕਾਦਰ ਬਖਸ਼ ਜੀ ਤੋਂ ਭਰਪੂਰ ਸਿਖਿਆ ਪਾਈ ਸੀ। ਲਛਮਣ ਸਿੰਘ ਹੁਰਾਂ ਵੀ ਓਸੇ ਤੋਂ ਬਹੁਤ ਕੁਛ ਸਿਖਿਆ। ਹੁਣ ਪ੍ਰੇਮ ਵਲਭ ਜੀ ਨੂੰ ਤਾਂ ਕੋਈ ਜਾਣਦਾ ਨਹੀਂ ਪਰ ਲਛਮਣ ਸਿੰਘ ਹੁਰਾਂ ਦੀ ਸ਼ਾਗਿਰਦੀ ਵਿਚ ਫ਼ਖ਼ਰ ਸਮਝਿਆ ਜਾਂਦਾ ਹੈ। ਹਾਂ ਅੱਜ ਕੱਲ ਤਰਨ ਤਾਰਨ ਦਾ ਇਕ ਸਜਣ ਹੈ ਰਤਨ ਸਿੰਘ ਉਹ ਪੰਜਾਬ ਘਰਾਣੇ ਦਾ ਰਤਨ ਹੈ ਕੀ ਅੰਤ ਹੈ ਉਸਦੇ ਬੋਲ ਖਜ਼ਾਨੇ ਦਾ:

ਕਿਤੋਂ ਇਕ ਹਰਮੋਨੀਅਮ ਆ ਗਿਆ ਤੇ ਸੰਗੀਤ ਤਰਨਾਂ ਵਿੱਚ ਬੈਠਾ ਕਲਕੱਤੇ ਤੋਂ ਆਇਆ ਸ੍ਰੀ ਸੋਹਨ ਲਾਲ ਉਸਦੇ ਪਖੇ ਤੇ ਹੱਥ ਰੱਖ ਛੇੜਨ ਲੱਗਾ, 7:20 ਹੋ ਗਏ ਸਨ। ਸਾਂਵਲਾ ਭਾਰਾ ਐਨਕਧਾਰੀ ਸੱਜਣ, ਵਾਜੇ ਵਰਗੇ ਸਿੱਧੇ ਜਿਹੇ ਸਾਜ਼ ਨੂੰ ਐਸੀਆਂ ਕੋਮਲ ਛੋਹਾਂ ਨਾਲ ਛੇੜਨ ਲੱਗਾ ਕਿ ਪੂਰੀਆ ਕਲਿਆਣ ਦਾ ਮਾਹੌਲ ਪੈਂਦਾ ਹੋ ਗਿਆ। ਸੂਖਮ ਤੋਂ ਸੂਖਮ ਅਤੇ ਸਾਧਨਾ ਦੁਆਰਾ ਕੰਬਦੀਆਂ ਉਂਗਲਾਂ ਨੇ ਸੁਰ ਜੋੜ ਮੇਲ ਦੀ ਉਹ ਰਚਨਾ ਕੀਤੀ ਕਿ ਸਰੋਤੇ ਬੇਵੱਸੇ ਵਾਰ-ਵਾਰ ਕਹਿ ਉੱਠੇ, 15 ਮਿੰਟ ਦੇ ਆਲਮ ਬਾਦ ਪਿੰਕੀ ਦੇ ਤਬਲੇ ਨੇ ਥਾਪ ਦਿੱਤੀ, ਪੰਜ ਕੁ ਮਿੰਟ ਪਿੰਕੀ ਵਾਦਨ ਉਪੰਰਤ ਸੋਹਣ ਲਾਲ ਜੀ ਨੇ ਫਿਰ ਰੰਗ ਬੰਨ੍ਹਿਆ। ਵਾਜੇ ਦੀਆਂ ਇਕਵਾਰ ਵੀ ਗੜਕਵੀਆਂ ਸੁਰਾਂ ਨਹੀਂ ਸੁਣੀਆਂ, ਉਹ ਸੂਖਮ ਛੋਹਾਂ ਨਾਲ ਏਨੀ ਕੁ ਆਵਾਜ਼ ਹੀ ਦੇਂਦਾ ਰਿਹਾ ਜਿਵੇਂ ਤੰਤੂ ਸਾਜ਼ ਵੱਜ ਰਿਹਾ ਹੋਵੇ। ਅਪਾਲ ਜੋੜ ਦੀ ਸੁਹਣੀ ਆਦਾਇਗੀ ਨਾਲ 7:55 ਤੇ ਪੇਟੀ ਵਾਦਨ ਸਮਾਪਤ ਹੋ ਗਿਆ। ਸੋਹਨ ਲਾਲ ਦਾ ਸਮਾਂ ਵਾਦਨ ਨਖ਼ਰੇ ਦਾਰ ਸੀ।

20 ਮਿੰਟ ਦੇ ਇੰਟਰਵਲ ਬਾਅਦ ਪੰ: ਰਾਮ ਨਰਾਇਣ ਜੀ ਸੁਰ ਕੀਤੀ ਗਈ ਸਾਰੰਗੀ ਨਾਲ ਤਿਆਰ ਸਨ। ਅੱਜ ਦੇ ਸਰੋਤਿਆਂ ਵਿਚ ਸ. ਸਾਧੂ ਸਿੰਘ ਸਮੇਤ ਪਰਿਵਾਰ ਅਤੇ ਡਾ. ਅਜਮੇਰ ਸਿੰਘ ਜਲੰਧਰ ਵੀ ਬੈਠੇ ਹੋਏ ਸਨ। ਸ੍ਰੀ ਸਤਿਗੁਰੂ ਜੀ

ਆਪਣੇ ਆਸਣ ਤੇ ਬਿਰਾਜਮਾਨ ਹੋਏ ਹੀ ਸਨ ਕਿ ਪੰ. ਰਾਮ ਨਰਾਇਣ ਜੀ ਨੇ ਇਹ ਕਹਿੰਦਿਆਂ ਆਗਿਆ ਲਈ ਬੱਚੇ ਮੁਲਤਾਨੀ ਸੁਣਨਾ ਚਾਹੁੰਦੇ ਹਨ, ਉਹੋ ਵਜਾ ਰਿਹਾ ਹਾਂ ਅਤੇ ਪਰਿਵਾਨਗੀ ਮਿਲ ਗਈ।

ਪੰ. ਜੀ ਦਾ ਗੰਜਾ ਸਿਰ, ਕਾਲੇ ਕੀਤੇ ਵਾਲਾਂ ਦਾ ਘੇਰਾ, ਦੁਹਰਾ ਸਰੀਰ ਰੇਸ਼ਮੀ ਕੁੜਤਾ, ਚੌਂਕੜਾ ਲਗਾਇਆ, ਸਾਰੰਗੀ ਜੋ ਆਪ ਦੇ ਮੋਢੇ ਤਕ ਜਾਂਦੀ ਸੀ, ਗਜ਼ ਫਿਰਦਿਆਂ ਹੀ ਕੁਹਕਣ ਲੱਗ ਪਈ। ਸੁਰਾਂ ਗੂੰਜ ਉਠੀਆਂ। ਗਜ਼ ਦਾ ਜ਼ੋਰ ਕਦੇ ਭਾਰੀ ਅਵਾਜ਼ ਕਢਦਾ ਕਦੀ ਉਂਗਲਾਂ ਬਾਰੀਕੀ ਨਾਲ ਬਿਜਲੀ ਗਤੀ ਨਾਲ ਤਾਰਾਂ ਤੇ ਨਚ ਜਾਂਦੀਆਂ ਪੰਡਤ ਜੀ, ਸਾਰੀ ਸ਼ਕਤੀ ਪੋਟਿਆਂ ਵਿਚ ਸਮੇਟੀ ਆਲਾਪ ਨੂੰ ਵੀ ਤਿਆਰੀ ਵਿਚ ਹੀ ਵਜਾ ਗਏ।

ਸੁਖਵਿੰਦਰ ਸਿੰਘ ਪਿੰਕੀ ਨੇ ਸੰਗਤ ਕਰਨ ਲਈ ਤਬਲਾ ਲੈ ਲਿਆ। ਪੰਡਤ ਜੀ ਤੇਜ਼ ਗਤੀ ਸੁਰਾਂ ਚੁਕਣੇ ਕਦੇ ਸੱਜੇ ਅਤੇ ਕਦੇ ਖੱਬੇ ਚਲਾ ਮਾਰਦੇ। ਸਾਰੰਗੀ ਨਾਲ ਉਹਨਾਂ ਦਾ ਖੇਡਣਾ ਕਦੇ ਬੜੇ ਮਧੁਰ ਸੰਬੰਧਾਂ ਵਾਲਾ ਅਤੇ ਕਦੇ ਝੰਝਾਵਾਤੀ ਜ਼ੋਰ ਵਾਲਾ ਹੁੰਦਾ ਹੈ ਕਲਾਕਾਰ ਦੀ ਚੀਕ ਤਰ੍ਹਾਂ ਜਾਂਚ ਪਰਖ ਲਈ ਸਤਿਗੁਰੂ ਜੀ ਦੀ ਇਕਾਗਰਤਾ ਤਾਂ ਰੋਮ-ਰੋਮ ਵਿਚ ਪੁੱਜ ਜਾਂਦੀ ਹੈ ਪਰ ਦੂਜੇ ਗੁਣੀ ਸਰੋਤੇ ਵੀ ਵਾਹ-ਵਾਹ, ਆਹਾ ਹਾਹਾ ਕਹਿੰਦੇ ਜਾ ਰਹੇ ਸਨ।

ਪਿੰਕੀ ਦਾ ਵੀ ਜਵਾਬ ਨਹੀਂ। ਜਿੰਨੀ ਤੁੰਦ ਚਾਲੇ ਸੁਰਾਂ ਦੀ ਉਤਰਨ ਪੰਡਤ ਜੀ ਲਿਆਉਂਦੇ ਪਿੰਕੀ ਓਨੀ ਹੀ ਤੀਬਰਤਾ ਨਾਲ ਉਹਦਾ ਜਵਾਬ ਤਬਲੇ ਨਾਲ ਦੇ ਦਿੰਦਾ।

8:50 ਤੇ ਪੰਡਿਤ ਜੀ ਨੇ ਤਿੰਨ ਤਿਹਾਈਆਂ ਲਾ ਕੇ ਗੂੰਜਦੀਆਂ ਸੁਰਾਂ ਨੂੰ ਜਿਵੇਂ ਇਕਦਮ ਸ਼ਾਂਤ ਕਰ ਦਿੱਤਾ। ਪੰਡਿਤ ਜੀ ਪ੍ਰਸੰਨ ਸਨ: ਪਿੰਕੀ ਦਾ ਤਬਲਾ ਪਹਿਲੀ ਦਫਾ ਹੀ ਸੁਨਾ ਹੈ ਸਾਥ ਮੇਂ, ਬਹੁਤ ਅੱਛਾ ਹੈ।

ਸ੍ਰੀ ਸਤਿਗੁਰੂ ਜੀ ਨੇ ਰਾਮ ਨਾਰਾਇਣ ਜੀ ਲਈ ਆਖਿਆ ਅੱਜ ਤੁਸਾਂ ਬੱਚਿਆਂ ਲਈ ਵਜਾਇਆ ਹੈ ਫੇਰ ਕਦੇ ਅਸੀਂ ਆਪਣੇ ਲਈ ਸੁਣਾਂਗੇ।

One inducement to the Court to undertake it was the feeling that so good an opportunity might not again occur when all the correspondence available for the review, but it was also very necessary for the Sessions Judge, as Commissioner of the Division, to go carefully into the antecedents of the case at this juncture with reference to possible

ulterior proceedings.

38. **This review was commenced as the judgment in Jhanda Singh's case.**

This review was commenced as the order in Jhanda Singh's case, but certain matters have been noticed in it which it might not be quite convenient to give in copy to the accused for his appeal. It is therefore made a separate paper to accompany the proceedings, and form part of the Court's general remarks on the case. But the grounds of Jhanda Singh's conviction and sentence will be put in a separate form, giving of course all that concerns him. This is, the Court feels sure, the fairest way for him, as he would be quite bewildered by the dissertations, quotations, &c., of the general review of the case.

**to be continued**

.....................................................

## ਅਜ਼ਾਦੀ ਸੰਗਰਾਮ ਦੇ ਮੋਢੀ

17-18 ਜਨਵਰੀ 1872 ਈ. ਨੂੰ ਮਲੇਰਕੋਟਲੇ ਦੇ ਰੱਕੜ ਵਿੱਚ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ।

ਕੂਕਾ ਅੰਦੋਲਨ ਵਿਰੁੱਧ ਸਖਤ ਕਦਮ ਚੁੱਕਦਿਆਂ ਅੰਗਰੇਜ਼ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਕਾਲੇਪਾਣੀਆਂ ਤੋਂ ਗੁਰੂ ਰਾਮ ਸਿੰਘ ਜੀ ਦੁਆਰਾ ਅਤੇ ਭੈਣੀ ਸਾਹਿਬ ਦੀ ਧਰਤੀ ਤੋਂ ਗੁਰੂ ਹਰੀ ਸਿੰਘ ਜੀ ਦੁਆਰਾ ਅਜ਼ਾਦੀ ਦੀ ਜੰਗ ਫਿਰ ਵੀ ਉਵੇਂ ਹੀ ਜਾਰੀ ਰਹੀ। ਇਹ ਹੈਰਾਨ ਕਰਨ ਵਾਲਾ ਅਧਿਆਏ ਹੈ ਕਿ ਇੱਕ ਆਮ ਪਰਿਵਾਰ ਵਿੱਚੋਂ ਉੱਠਕੇ ਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਦਾ ਡੰਕਾ ਵਜਾ ਕੇ, ਬਿਨ੍ਹਾਂ ਹਥਿਆਰਾਂ ਤੋਂ ਉਸ ਅੰਗਰੇਜ਼ ਸਲਤਨਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਜਿਸਦੇ ਰਾਜ ਵਿੱਚ ਕਦੀ ਸੂਰਜ ਨਹੀਂ ਸੀ ਛਿਪਦਾ। ਗੁਰੂ ਰਾਮ ਸਿੰਘ ਨੇ ਸਤੰਤਰਤਾ ਸੰਗਰਾਮ ਦਾ ਅਜਿਹਾ ਬਿਗਲ ਵਜਾਇਆ ਜਿਸ ਤਹਿਤ ਭਾਰਤ ਦੀ ਅਜ਼ਾਦੀ ਲਈ ਅਨੇਕਾਂ ਸ਼ਹੀਦੀਆਂ ਹੋਈਆਂ, ਖੂਨ ਡੁੱਲਿਆ ਤੇ ਇਸ ਅਜ਼ਾਦੀ ਸੰਗਰਾਮ ਵਿੱਚੋਂ ਸੁਤੰਤਰਤਾ ਸੰਗਰਾਮ ਦੀਆਂ ਹੋਰ ਲਹਿਰਾਂ ਦਾ ਉਥਾਨ ਹੋਇਆ ਅਤੇ ਭਾਰਤ 15 ਅਗਸਤ 1947 ਨੂੰ ਭਾਰਤ ਅਜ਼ਾਦ ਹੋਇਆ। ਇਸ ਮਹਾਨ ਜਰਨੈਲ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਸਬੰਧੀ ਗੁਰਦੁਆਰਾ ਗੱਜ਼ਟ ਦੀ ਜੂਨ 1972 ਈ. ਦੀ ਲਿਖਤ ਵਿੱਚ ਇੰਝ ਲਿਖਿਆ ਹੈ ਕਿ "ਭਾਰਤ ਦੀ ਅਜ਼ਾਦੀ ਦੇ ਸੰਗਰਾਮ ਦੀ ਜੇਕਰ ਸਾਰੇ ਸੰਸਾਰ ਵਿੱਚ ਸਰਕਾਰੀ ਪੱਧਰ ਤੇ ਪਬਲੀਸਿਟੀ ਕੀਤੀ ਜਾਵੇ, ਉਸ ਵਿੱਚ ਇਹ ਠੋਕ ਵਜਾ ਕੇ ਦੱਸਿਆ ਜਾਵੇ ਕਿ ਦੇਸ਼ ਦੀ ਅਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਬਾਬਾ ਰਾਮ ਸਿੰਘ ਜੀ ਸਨ ਜਿਨ੍ਹਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਨ ਜੰਗ ਲੜੀ। ਅੰਗਰੇਜ਼ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਚਲਾਈ। ਸਰਕਾਰੀ ਡਾਕਖਾਨਿਆਂ ਦਾ, ਕਾਰਖਾਨਿਆਂ ਦਾ, ਰੇਲਾਂ ਦਾ ਅਤੇ ਹੋਰ ਸਰਕਾਰੀ ਦਫਤਰਾਂ ਦਾ ਬਾਈਕਾਟ ਕੀਤਾ। ਸੁਦੇਸ਼ੀ ਲਹਿਰ ਦੇ ਬਾਨੀ ਵੀ ਬਾਬਾ ਰਾਮ ਸਿੰਘ ਜੀ ਹੀ ਸਨ ਅਤੇ ਜੋ ਜਲਾਵਤਨ ਕੀਤੇ ਗਏ ਦੇਸ਼ ਦੇ ਪਹਿਲੇ ਸਿਆਸੀ ਆਗੂ ਸਨ। ਜੇ ਸਾਡੇ ਦੇਸ਼ ਵਿੱਚ ਤੰਗ ਨਜ਼ਰੀਆ ਨਾ ਹੁੰਦਾ ਤਾਂ ਅੱਜ ਆਪ ਫਾਦਰ ਆਫ ਦੀ ਨੇਸ਼ਨ ਕਰਕੇ ਪੂਜੇ ਜਾਂਦੇ।"

.....................................................

## Who are you?

Society is merely the relationship between people, and we are talking of a revolution, not physical but the psychological revolution in which there is no, at the depth, conformity. You may put on trousers because you are in this country and in India it is different clothes, that is not conformity, that is nothing, childish. But inwardly, not a feeling of conformity. Conformity exists when there is comparison. For a mind to be totally free from comparison, that is to observe the whole history which is embedded in you.

.....................................................

# ਕਾਵਿ - ਕਿਆਰੀ

## ਸਾਹਿਬ ਏ ਕਮਾਲ

ਮੇਰਾ ਮਹਿਰਮ ਖ਼ੁਦਾ ਦੀ ਜੋਤ ਅਨੂਪੀ
ਜੌਹਰੀ, ਜੰਗੀ, ਕਲਾ ਸਰੂਪੀ
ਤੂੰ ਅਗੰਮੀ ਜੋਤ ਖ਼ੁਦ ਪਰਮੇਸਰ ਸਿਰਜੀ
ਤੇਰਾ ਧਿਆਨ ਧਰੀਏ ਤਾਂ ਦੂਰ ਹੋਏ ਕੁਰੋਪੀ

ਮੁੱਖ ਉਹਦੇ ਦਾ ਦੀਦਾਰ ਹੋਵੇ ਤਾਂ ਦੂਰ ਹੋਵੇ ਹਨੇਰਾ
ਉਹਦੇ ਦਰਸ਼ਨਾ ਚੋਂ ਦਿਸੇ ਸੱਜਰਾ ਸਵੇਰਾ
ਸੋਹਣਾ, ਸੁੰਦਰ, ਮਰਯਾਦਾ ਪੁਰਸ਼ੋਤਮ ਹੈ
ਮਾਂ ਗੁਜਰੀ ਦਾ ਉਹ ਲਾਲ ਸੁਨਿਹਰਾ

ਤੇਰੀ ਤੇਗ ਦੇ ਜੌਹਰਾਂ ਦੀ ਕਿਆ ਹੀ ਗੱਲ ਕਰੀਏ
ਸਵਾ ਸਵਾ ਲੱਖ ਮੋਹਰੇ ਕੱਲਾ ਕੱਲਾ ਸਿੰਘ ਖੜੀਏ
ਤਲਵਾਰ ਤੇਰੀ ਚੋਂ ਝਲਕ ਮੀਰੀ-ਪੀਰੀ ਦੀ ਪੈ ਜਾਂਦੀ
ਜਾਹੋ-ਜਲਾਲ ਦੇ ਵਿਚੋਂ ਤੇਗ ਬਹਾਦਰ ਦਾ ਦਰਸ਼ਨ ਕਰੀਏ

ਨਜ਼ਰ ਤੇਰੀ ਚੋਂ ਕੁਲ ਸੰਸਾਰ ਸਾਨੂੰ ਦਿਸਦਾ
ਕਲਮ ਤੇਰੀ ਨੂੰ ਸੰਪੂਰਨ ਬ੍ਰਹਿਮੰਡ ਕਰੇ ਸਿੱਜਦਾ
ਵਾਰ ਚੰਡੀ ਦੀ ਪੜ੍ਹ ਖ਼ੂਨ 'ਚ ਉਬਾਲਾ ਆ ਜਾਂਦਾ
ਤੇਰਾ ਜੱਗ ਉੱਤੇ ਕੋਈ ਸਾਨੀ ਨਹੀਂ ਦਿੱਸਦਾ

ਕੁਰਬਾਨ ਕਿਸੇ ਲਈ ਆਪਣਾ ਸਰਬੰਸ ਕੌਣ ਕਰਦਾ
ਪੁੱਤ ਤੇਰਾ ਕੱਲਾ-ਕੱਲਾ, ਮੌਤ ਮੂਹਰੇ ਹੋ ਖੜਦਾ
ਜੋ ਤੂੰ ਐਂ, ਉਹ ਬੱਸ ਤੂੰ ਹੀ ਐਂ
ਤਾਂਹੀ ਤੈਨੂੰ 'ਸਾਹਿਬ ਏ ਕਮਾਲ' ਕਹਿੰਦੇ, ਜੋ ਕਿਸੇ ਤੋਂ ਨਾ ਹਰਦਾ

**ਹਰਸਾਹਿਬ ਸਿੰਘ ਬਜ਼ੀਦਪੁਰ**

........................................................

# ਸੁੱਚੇ – ਮੋਤੀ

### ਵਿਨੋਦ ਬਚਨ

2 ਨਵੰਬਰ 1978 ਨੂੰ ਸਤਿਗੁਰਾਂ ਦਾ ਫੋਨ ਆਇਆ। ਮੈਂ ਨਮਸਕਾਰ ਬਾਅਦ ਪੁੱਛਿਆ– ਕਿੱਥੋਂ ਬੋਲ ਰਹੇ ਹੋ? ਹਜ਼ੂਰ ਨੇ ਫ਼ਰਮਾਇਆ– ਟੈਲੀਫੋਨ ਕੋਲੋਂ। ਪੁੱਛਿਆ ਗਿਆ– ਕਿਸ ਜਗ੍ਹਾ ਤੋਂ ਬੋਲ ਰਹੇ ਹੋ? ਉੱਤਰ ਮਿਲਿਆ– ਜਿਸ ਜਗ੍ਹਾ 'ਤੇ ਫ਼ੋਨ ਪਿਆ ਹੈ, ਓਥੋਂ।

ਅੰਤ ਬੇਨਤੀ ਕੀਤੀ ਗਈ– ਉਸ ਸ਼ਹਿਰ ਦਾ ਕੀ ਨਾਂ ਹੈ ਜਿੱਥੋਂ ਆਪ ਜੀ ਹੁਣ ਫੋਨ ਕਰ ਰਹੇ ਹੋ।

ਤਾਂ ਦੱਸਿਆ ਗਿਆ– ਅੰਮ੍ਰਿਤਸਰ।

### ਤਕੜਾ ਹੀ ਹੋਇਐ

23 ਨਵੰਬਰ 1978 ਨੂੰ ਦਿੱਲੀ ਵਿਖੇ 11.30 ਹੋਏ ਤਾਂ ਸਤਿਗੁਰੂ ਜੀ 'ਸ਼ਨਾਨ ਕਮਰੇ ਵਿੱਚ ਚਲੇ ਗਏ। ਸੇਵਕ ਇਸ਼ਨਾਨ ਕਰਵਾਣ ਦੌੜੇ। ਬਾਹਰ ਆਉਂਦਿਆਂ ਨੂੰ ਗੁਰਦੇਵ ਸਿੰਘ ਸਰੋਦ ਆ ਚੁੱਕਾ ਸੀ। ਉਸ ਦੱਸਿਆ ਕਿ 21-11-78 ਨੂੰ ਉਹ ਮਿੰਨੀ ਬੱਸ ਦੇ ਬਾਹਰ ਇੱਕ ਹੋਰ ਆਦਮੀ ਨਾਲ ਲਟਕਿਆ ਦੋ ਕੁ ਸਟਾਪਿਜ ਵਾਸਤੇ ਜਾ ਰਿਹਾ ਸੀ ਕਿ ਡੀ. ਟੀ. ਯੂ. ਦੀ ਬੱਸ ਪਾਸਿਓਂ ਘਸਰਦਿਆਂ ਲੰਘ ਗਈ ਤੇ ਇਹ ਹੱਡੀਆਂ ਦਾ ਪਿੰਜਰ ਜਰਕਾ ਅਤੇ ਮਛੋਅ ਪੜਵਾ ਕੇ ਬੈਠਾ ਹੈ। ਸਤਿਗੁਰੂ ਜੀ ਨੂੰ ਪ੍ਰਸ਼ਾਦ ਛਕ ਕੇ ਆਉਂਦਿਆਂ ਉਸ ਨੇ ਵਿਥਿਆ ਸੁਣਾਈ। ਮੈਂ ਵੀ ਨਾਲ ਲੱਗਦਿਆਂ ਆਪਣੀ ਵਾਹ ਦਿੱਤੀ : ਮੇਰਾ ਵੀ ਤਕੜਾ ਨੁਕਸਾਨ ਹੋਇਆ ਹੈ, ਜੇਬ ਕੱਟੀ ਗਈ ਹੈ। (800/- ਬੜੀ ਸਫਾਈ ਨਾਲ ਜੇਬ ਕਤਰਿਆਂ ਪਾਸ ਪਹੁੰਚ ਗਿਆ।)

ਸਤਿਗੁਰੂ ਜੀ ਸਹਿਜ ਭਾ ਬੋਲੇ– "ਤਕੜਾ" ਹੀ ਹੋਇਐ ਨ, ਮਾੜਾ ਤੇ ਨਹੀਂ ਨਾ?

ਸਤਿਗੁਰੂ ਜੀ ਦੀ ਮਸਲਿਆਂ ਵੱਲ ਪਹੁੰਚ ਦਾ ਇਹ ਢੰਗ ਹੈ। ਹਰ ਗੱਲ ਵਿੱਚ ਵਡੱਪਣ ਵੇਖਣਾ। ਫ਼ਿਕਰ ਚਿੰਤਾ ਰਹਿਤ ਰਹਿਣ ਲਈ ਉਸਾਰੂ ਢੰਗ ਲੱਭਣਾ।

### ਪੈਸੇ ਦਾ ਅਸਰ

ਸ੍ਰੀ ਸਤਿਗੁਰੂ ਜੀ ਨੇ ਰਸਤੇ ਵਿੱਚ ਬਚਨ ਕੀਤਾ– ਪੈਸਾ ਦੋਹਾਂ ਪੱਖਾਂ ਤੋਂ ਪ੍ਰਭਾਵ ਰੱਖਦਾ ਹੈ। ਜੇ ਕੋਲ ਵਾਧੂ ਹੋਵੇ ਤਾਂ ਬੁਰੇ ਕੰਮਾਂ ਲਈ ਵੀ ਬਹੁਤ ਉਤਸ਼ਾਹਤ ਕਰਦਾ ਹੈ, ਚੰਗੇ ਪਾਸੇ ਖਰਚ ਹੋਵੇ ਤਾਂ ਵੀ ਸਮਰੱਥਤਾ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਪਾਸੇ ਜੇ ਪੈਸਾ ਨਾ ਹੋਵੇ ਤਾਂ ਵੀ ਬੰਦਾ ਬਹੁਤ ਔਖਾ ਰਹਿੰਦਾ ਹੈ ਅਤੇ ਜੇ ਬਹੁਤਾਤ ਵਿੱਚ ਹੋ ਜਾਵੇ ਤਾਂ ਵੀ ਤਕਲੀਫ਼ ਪੈਦਾ ਕਰ ਦਿੰਦਾ ਹੈ, ਮਾਇਆ ਧਾਰੀ ਅਤਿ ਅੰਨਾ ਬੋਲਾ, ਮਾਇਆ ਦੇ ਅਧਿਕ ਪ੍ਰਭਾਵ ਤੋਂ ਹੀ ਆਖਿਆ ਗਿਆ ਹੈ।

### ਮੁੰਡਾ ਤੇ ਰੰਬਾ ਚੰਡਿਆ ਕੰਮ ਆਉਂਦਾ

ਸਤਿਗੁਰੂ ਜੀ ਨੇ ਸਿੱਖਾਂ ਨਾਲ ਬਚਨ ਕਰਦਿਆਂ ਇੱਕ ਹੋਰ ਉਦਾਹਰਣ ਦਿੱਤੀ– ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਨਾਲ ਕਦੇ ਲਿਹਾਜ਼ ਨਹੀਂ ਸਨ ਕਰਦੇ। ਇੱਕ ਵਾਰ ਕਿਸੇ ਗੱਲੋਂ ਮੌਰਾਂ 'ਤੇ ਸੋਟੀਆਂ ਵੀ ਖਾਧੀਆਂ। ਇੱਕ ਵਾਰ ਇੱਕ ਕੁੱਤਾ ਮਰ ਗਿਆ, ਜੁ ਅਸਾਂ ਨਹੀਂ ਸੀ ਮਾਰਿਆ ਪਰ ਸਾਨੂੰ ਕੋਠੀਓਂ ਬਾਹਰ ਕੱਢ ਦਿੱਤਾ ਗਿਆ। ਏਸ ਖਿਆਲ ਨਾਲ ਕਿ ਖਉਰੇ ਸਾਥੋਂ ਹੀ ਕੁੱਤਾ ਮਰ ਗਿਆ ਹੋਵੇ। ਮੁੰਡਾ ਤੇ ਰੰਬਾ ਚੰਡਿਆ ਹੀ ਕੰਮ ਦਿੰਦੇ ਹਨ। ਤੁਸਾਂ ਬੱਚੇ ਵੱਲ ਧਿਆਨ ਨਹੀਂ ਦਿੱਤਾ ਤਾਂ ਹੀ ਉਹ ਸਾਥੋਂ ਦੂਰ ਹੋਇਆ ਹੈ। ਤੁਹਾਡੇ ਬੱਚੇ ਮੇਰੀ ਜਾਇਦਾਦ ਹਨ। ਜਿਵੇਂ ਤੁਸੀਂ ਆਪਣੇ ਹਿਸਾਬ ਕਿਤਾਬ ਦਾ ਧਿਆਨ ਰੱਖਦੇ ਹੋ ਤੇ ਜਾਇਦਾਦ ਦੇ ਨੁਕਸਾਨ ਤੋਂ ਦੁਖੀ ਹੁੰਦੇ ਹੋ, ਇੰਜ ਹੀ ਮੈਨੂੰ ਦੁੱਖ ਲੱਗਦਾ ਹੈ।

**ਸੁਖਨ ਏ ਬੇਅੰਤ ਵਿਚੋਂ**

# ਬੱਚਿਆਂ ਦਾ ਪੰਨਾ

## ਚੰਗੇ ਤੇ ਮੰਦੇ ਲੋਕਾਂ ਬਾਰੇ ਗੁਰੂ ਜੀ ਦੀ ਅਲੌਕਿਕ ਸੋਚ

ਇੱਕ ਵਾਰ ਗੁਰੂ ਨਾਨਕ ਦੇਵ ਜੀ ਆਪਣੇ ਪਿਆਰੇ ਸਾਥੀ ਭਾਈ ਮਰਦਾਨਾ ਜੀ ਨਾਲ ਯਾਤਰਾ ਕਰਦੇ ਹੋਏ ਜਗਨਨਾਥ ਪੁਰੀ ਵੱਲ ਜਾ ਰਹੇ ਸਨ। ਰਸਤੇ ਵਿੱਚ ਉਹ ਇੱਕ ਪਿੰਡ ਦੇ ਬਾਹਰ ਰੁਕੇ ਅਤੇ ਪ੍ਰਭੂ ਦੀ ਬੰਦਗੀ ਵਿੱਚ ਲੱਗ ਗਏ।

ਭਜਨ ਮੁਕਣ ਤੋਂ ਬਾਅਦ ਭਾਈ ਮਰਦਾਨਾ ਜੀ ਨੇ ਆਦਰ ਨਾਲ ਕਿਹਾ,

"ਗੁਰੂ ਜੀ, ਜੇ ਆਗਿਆ ਹੋਵੇ ਤਾਂ ਮੈਂ ਪਿੰਡ ਤੋਂ ਕੁਝ ਭੋਜਨ ਲੈ ਆਵਾਂ।"

ਗੁਰੂ ਜੀ ਨੇ ਮੁਸਕਰਾਉਂਦਿਆਂ ਆਗਿਆ ਦਿੱਤੀ ਪਰ ਨਾਲ ਹੀ ਕਿਹਾ,

"ਸਾਵਧਾਨ ਰਹਿਣਾ, ਮਰਦਾਨਿਆਂ।"

ਭਾਈ ਮਰਦਾਨਾ ਜਦ ਪਿੰਡ ਪਹੁੰਚੇ ਤਾਂ ਉੱਥੋਂ ਦੇ ਲੋਕ ਬਹੁਤ ਰੁੱਖੇ ਤੇ ਬਦਤਮੀਜ਼ ਨਿਕਲੇ। ਉਨ੍ਹਾਂ ਨੇ ਮਰਦਾਨਾ ਜੀ ਨੂੰ ਬੁਰਾ-ਭਲਾ ਕਿਹਾ, ਗਾਲ੍ਹਾਂ ਕੱਢੀਆਂ ਅਤੇ ਇੱਥੋਂ ਤੱਕ ਕਿ ਕੁੱਤੇ ਵੀ ਛੱਡ ਦਿੱਤੇ। ਡਰੇ ਹੋਏ ਭਾਈ ਮਰਦਾਨਾ ਜਿਵੇਂ-ਤਿਵੇਂ ਉੱਥੋਂ ਬਚ ਕੇ ਗੁਰੂ ਜੀ ਕੋਲ ਵਾਪਸ ਆ ਗਏ ਅਤੇ ਸਾਰੀ ਗੱਲ ਦੱਸ ਦਿੱਤੀ।

ਇਹ ਸੁਣ ਕੇ ਗੁਰੂ ਜੀ ਗੁੱਸੇ ਹੋਣ ਦੀ ਥਾਂ ਮੁਸਕਰਾ ਪਏ।

ਕੁਝ ਦੇਰ ਬਾਅਦ ਉਹੀ ਪਿੰਡ ਦੇ ਲੋਕ ਗੁਰੂ ਜੀ ਕੋਲ ਆ ਗਏ ਅਤੇ ਗੁੱਸੇ ਨਾਲ ਕਹਿਣ ਲੱਗੇ,

"ਸਾਡੇ ਪਿੰਡ ਦੀ ਹੱਦ ਛੱਡ ਕੇ ਦੂਰ ਚਲੇ ਜਾਓ!"

ਗੁਰੂ ਜੀ ਨੇ ਬੜੀ ਸ਼ਾਂਤੀ ਨਾਲ ਕਿਹਾ,

"ਪਿਆਰੇਓ, ਅਸੀਂ ਤਾਂ ਸਿਰਫ਼ ਯਾਤਰੀ ਹਾਂ। ਅਸੀਂ ਤਾਂ ਇਹੀ ਅਰਦਾਸ ਕਰਦੇ ਹਾਂ ਕਿ ਤੁਸੀਂ ਇੱਥੇ ਸਦਾ ਵੱਸਦੇ ਰੋ।"

ਫਿਰ ਗੁਰੂ ਜੀ ਭਾਈ ਮਰਦਾਨਾ ਨੂੰ ਨਾਲ ਲੈ ਕੇ ਅੱਗੇ ਚਲ ਪਏ।

ਅਗਲੇ ਪਿੰਡ ਦੇ ਬਾਹਰ ਜਾ ਕੇ ਗੁਰੂ ਜੀ ਨੇ ਕੀਰਤਨ ਸ਼ੁਰੂ ਕੀਤਾ। ਜਦ ਪਿੰਡ ਵਾਲਿਆਂ ਨੂੰ ਪਤਾ ਲੱਗਿਆ ਤਾਂ ਉਹ ਖੁਸ਼ੀ ਨਾਲ ਦੌੜਦੇ ਹੋਏ ਆਏ, ਮੱਥਾ ਟੇਕਿਆ ਅਤੇ ਧਿਆਨ ਨਾਲ ਕੀਰਤਨ ਸੁਣਿਆ। ਉਨ੍ਹਾਂ ਨੇ ਬੜੇ ਪਿਆਰ ਨਾਲ ਗੁਰੂ ਜੀ ਨੂੰ ਪਿੰਡ ਆਉਣ ਦੀ ਬੇਨਤੀ ਕੀਤੀ ਅਤੇ ਸੁਆਦਲੇ ਭੋਜਨ ਤਿਆਰ ਕਰਕੇ ਲੈ ਆਏ।

ਭਾਈ ਮਰਦਾਨਾ ਬਹੁਤ ਖੁਸ਼ ਹੋਇਆ ਅਤੇ ਕਿਹਾ,

"ਗੁਰੂ ਜੀ, ਅਸੀਂ ਇੱਥੇ ਕੁਝ ਦਿਨ ਹੋਰ ਰਹੀਏ।"

ਕੁਝ ਦਿਨਾਂ ਬਾਅਦ ਜਦ ਚਲਣ ਦਾ ਸਮਾਂ ਆਇਆ ਤਾਂ ਗੁਰੂ ਜੀ ਨੇ ਕਿਹਾ,

"ਇਸ ਪਿੰਡ ਦੇ ਲੋਕ ਵੱਖ-ਵੱਖ ਥਾਵਾਂ ਵੱਸ ਜਾਣ।"

ਇਹ ਸੁਣ ਕੇ ਭਾਈ ਮਰਦਾਨਾ ਹੈਰਾਨ ਰਹਿ ਗਿਆ। ਉਹ ਬੋਲੇ,

"ਗੁਰੂ ਜੀ! ਜਿਨ੍ਹਾਂ ਨੇ ਸਾਡੇ ਨਾਲ ਮਾੜਾ ਕੀਤਾ, ਉਨ੍ਹਾਂ ਲਈ ਅਸੀਸ ਅਤੇ ਇਹਨੇ ਭਲੇ ਲੋਕਾਂ ਲਈ ਇਹ ਬਚਨ—ਇਹ ਕਿਉਂ?"

ਗੁਰੂ ਜੀ ਨੇ ਪਿਆਰ ਨਾਲ ਸਮਝਾਇਆ,

"ਮਰਦਾਨਿਆਂ, ਮਾੜੇ ਵਿਚਾਰਾਂ ਵਾਲੇ ਲੋਕ ਇਕ ਥਾਂ ਰਹਿਣ ਤਾਂ ਠੀਕ ਹੁੰਦੇ ਹਨ। ਜਿਵੇਂ ਗੰਦਗੀ ਇਕ ਜਗ੍ਹਾ ਰਹੇ ਤਾਂ ਬਦਬੂ ਨਹੀਂ ਫੈਲਾਉਂਦੀ।

ਪਰ ਭਲੇ ਲੋਕ ਜਿੱਥੇ ਵੀ ਜਾਂਦੇ ਹਨ, ਉੱਥੇ ਪਿਆਰ, ਸੱਚਾਈ ਅਤੇ ਚੰਗੇ ਗੁਣ ਫੈਲਾਉਂਦੇ ਹਨ। ਉਹ ਹੋਰਾਂ ਨੂੰ ਵੀ ਆਪਣੇ ਵਰਗਾ ਚੰਗਾ ਬਣਾ ਦਿੰਦੇ ਹਨ।"

ਇਹ ਗੱਲ ਸੁਣ ਕੇ ਭਾਈ ਮਰਦਾਨਾ ਮੁਸਕਰਾ ਉਠਿਆ ਅਤੇ ਗੁਰੂ ਜੀ ਦੀ ਅਲੌਕਿਕ ਸੋਚ ਨੂੰ ਸਮਝ ਗਿਆ।

........................................................

# ਖ਼ਬਰਨਾਮਾ

## ਸ਼ਹੀਦਾ ਦੀ ਯਾਦ ਵਿੱਚ ਮੇਲਾ

17-18 ਜਨਵਰੀ ਨੂੰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਮਲੇਰਕੋਟਲਾ ਦੇ ਕੂਕਾ ਸ਼ਹੀਦਾਂ ਦੀ ਯਾਦ ਵਿਚ ਨਾਮਧਾਰੀ ਸਮਾਰਕ ਮਲੇਰਕੋਟਲਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸ਼ਹੀਦੀ ਮੇਲਾ ਕਰਵਾਇਆ ਗਿਆ। ਜਿਸ ਵਿਚ ਪੰਜਾਬ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਨਾਮਧਾਰੀ ਕੂਕਾ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ।

ਇਕਬਾਲ ਸਿੰਘ ਝੂੰਦਾ- ਉਹਨਾਂ ਕਿਹਾ ਕਿ ਕੂਕਾ ਲਹਿਰ ਗਊ ਗਰੀਬ ਦੀ ਰੱਖਿਆ ਲਈ ਆਜ਼ਾਦੀ ਲਈ ਅਤੇ ਸਮਾਜਿਕ ਕਰੀਤੀਆਂ ਠੀਕ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤੀ। ਅਸੀਂ ਅੱਜ ਸ਼ਹੀਦਾ ਨੂੰ ਇਥੇ ਨਤਮਸਤਕ ਹੋਏ ਹਾਂ। ਉਹਨਾਂ ਤੋਂ ਸਿੱਖਿਆ ਲੈਣ ਲਈ ਇਕੱਠੇ ਹੋਏ ਹਾਂ। ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਕੂਕੇ ਇਸੇ ਸਿੱਖ ਇਤਿਹਾਸ ਦੇ ਮਹਾਨ ਨਾਇਕ ਹਨ। ਸਾਡਾ ਸਿੱਖ ਇਤਿਹਾਸ ਸੁਨਿਹਰਾ ਇਤਿਹਾਸ ਹੈ। ਕੁਰਬਾਨੀ ਅਤੇ ਸ਼ਾਹਾਦਤ ਦਾ ਸਿਰ ਹਮੇਸ਼ਾਂ ਉੱਚਾ ਰਿਹਾ ਹੈ। ਅਸੀਂ ਇਕ ਵਾਰ ਫੇਰ ਉਨ੍ਹਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਾਂ। ਇਸ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਨੇ ਇਕਬਾਲ ਸਿੰਘ ਝੂੰਦਾ ਨੂੰ ਸਿਰੋਪਾਉ ਬਖਸ਼ਿਸ਼ ਕੀਤਾ। ਇਸ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਨੇ ਜਗਤ ਕਥੂਰੀਆਂ (ਜ਼ਿਲ੍ਹਾ ਪ੍ਰਧਾਨ ਬੀ.ਜੀ.ਪੀ.) ਨੂੰ ਸਿਰਪਾਉ ਬਖਸ਼ਿਸ਼ ਕੀਤਾ। ਇਸ ਤੋਂ ਬਾਅਦ ਹਜ਼ੂਰੀ ਰਾਗੀ ਬਲਵੰਤ ਸਿੰਘ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੰਤ ਅਜੀਤ ਸਿੰਘ ਲਾਇਲ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅੰਗਰੇਜ਼ੀ ਰਾਜ ਖਿਲਾਫ ਸ਼ੁਰੂ ਕੀਤੇ ਕੂਕਾ ਅੰਦੋਲਨ ਦੀ ਗੱਲ ਕਰਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਅਤੇ ਅੰਗਰੇਜ਼ਾਂ ਖਿਲਾਫ ਲਹਿਰ ਖੜ੍ਹੀ ਕੀਤੀ।

ਇਸ ਤੋਂ ਬਾਅਦ ਅਗਲੇ ਬੁਲਾਰੇ ਬਾਪੂ ਬਲਕੌਰ ਸਿੰਘ ਸਨ। ਉਹਨਾਂ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਉਪਰ ਚਾਨਣ ਪਾਇਆ ਤੇ ਕਿਹਾ ਕਿ ਅਸਲ ਵਿਚ ਰਾਜ ਦੇ ਤੁਸੀਂ ਹੱਕਦਾਰ ਹੋ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ।

ਉਪਰੰਤ ਜਸਵੰਤ ਸਿੰਘ ਗੱਜਣਮਾਜਰਾ ਮੈਂਬਰ ਸੰਗਤਾਂ ਨੂੰ ਸੰਬੋਧਿਤ ਹੋਏ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ ਦੀ ਉਸਤਤ ਕੀਤੀ। ਉਹਨਾਂ ਬਾਬਾ ਬਿਸ਼ਨ ਸਿੰਘ ਦੀ ਸ਼ਹਾਦਤ ਨੂੰ ਉਜਾਗਰ ਕੀਤਾ। ਉਹਨਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਅੰਗਰੇਜ਼ਾਂ ਖਿਲਾਫ ਲੋਕਾਂ ਨੂੰ ਲਾਮਬੰਦ ਕੀਤਾ ਜਦੋਂ ਹਰ ਕੋਈ ਅੰਗਰੇਜ਼ਾਂ ਦਾ ਪਾਣੀ ਭਰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਵਦੇਸ਼ੀ ਦਾ ਪ੍ਰਚਾਰ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤੀਆਂ ਨੂੰ ਆਜ਼ਾਦੀ ਦਾ ਮਤਲਬ ਦੱਸਿਆ। ਉਹਨਾਂ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਲਈ ਜੇਕਰ ਮੈਂ ਕਿਸੇ ਨੂੰ ਪਹਿਲੀ ਸਾਲਾਮ ਕਰਾਂ ਉਹ ਸਤਿਗੁਰੂ ਰਾਮ ਸਿੰਘ ਨੂੰ ਕਰਾਂਗਾ ਸਾਨੂੰ ਵਿਰੋਧੀ ਤਾਕਤਾ ਵਿਰੁੱਧ ਇਕਜੁੱਟ ਹੋ ਕੇ ਖੜ੍ਹਨਾ ਚਾਹੀਦਾ ਹੈ। ਸਤਿਗੁਰੂ ਉਦੇ ਸਿੰਘ ਜੀ ਨੇ ਗੱਜਣਮਾਜਰਾ ਨੂੰ ਸਿਰੋਪਾਉ ਬਖਸ਼ਿਸ਼ ਕੀਤਾ।

ਇਸ ਤੋਂ ਬਾਅਦ ਮਲਕੀਤ ਸਿੰਘ ਦਾਖਾਂ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਉਹਨਾਂ ਮਲੇਰਕੋਟਲੇ ਦੇ 66 ਸ਼ਹੀਦਾਂ ਨੂੰ ਸ਼ਰਧਾਜਲੀ ਭੇਂਟ ਕੀਤੀ। ਉਹਨਾਂ ਸਤਿਗੁਰੂ ਰਾਮ ਸਿੰਘ ਦੀ ਕੁਰਬਾਨੀ ਨੂੰ ਯਾਦ ਕੀਤਾ। ਉਨ੍ਹਾਂ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਨੂੰ ਯਾਦ ਕੀਤਾ। ਇਸ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਨੇ ਮਲਕੀਤ ਸਿੰਘ ਨੂੰ ਸਿਰਪਾਉ ਬਖਸ਼ਿਸ਼ ਕੀਤਾ।

ਇਸ ਦੌਰਾਨ ਸਾਈਕਲ ਰੈਲੀ ਦੇ ਵਲੰਟੀਅਰਾਂ ਨੇ ਸਾਈਕਲ ਰੈਲੀ ਮੁਕੰਮਲ ਕਰਨ ਤੋਂ ਬਾਅਦ ਸਤਿਗੁਰੂ ਜੀ ਤੋਂ ਆਸ਼ੀਰਵਾਦ ਲਿਆ।

ਅਗਲੇ ਬੁਲਾਰੇ ਸੰਤ ਨਿਸ਼ਾਨ ਸਿੰਘ ਭੈਣੀ ਸਾਹਿਬ ਸਨ। ਉਹਨਾਂ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਉਹਨਾਂ ਨੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਸਮੇਂ ਹੋਈਆਂ ਸ਼ਹਾਦਤਾਂ ਨਾਲ ਜੋੜ ਕੇ ਪੇਸ਼ ਕੀਤਾ। ਉਹਨਾਂ ਸਿੱਖੀ ਨੂੰ ਪ੍ਰੇਮ ਦਾ ਮਾਰ ਦੱਸਦੇ ਹੋਏ, ਸ਼ਹਾਦਤ ਨੂੰ ਸ਼ਾਂਤੀ ਲਈ ਜ਼ਰੂਰੀ ਅੰਗ ਮੰਨਿਆ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਤਲਵਾਰ ਦੀ ਥਾਂ ਕਿਰਪਾਨ ਬਖਸ਼ੀ, ਜਿਸ ਦਾ ਮਕਸਦ ਕਿਰਪਾ ਕਰਨਾ ਅਤੇ ਜ਼ੁਲਮ ਦੇ ਖਿਲਾਫ ਲੜਨਾ ਸੀ। ਗੁਰੂ ਸਾਹਿਬ ਨੇ ਤੇਗ ਤੋਂ ਪਹਿਲਾਂ ਦੇਗ ਦੀ ਗੱਲ ਕੀਤੀ। ਉਹਨਾਂ ਹੀਰਾ ਸਿੰਘ ਦੀ ਸ਼ਹਾਦਤ ਦੀ ਸਾਖੀ ਸੰਗਤਾਂ ਨਾਲ ਸਾਂਝੀ ਕੀਤੀ। ਉਹਨਾਂ ਕਿਹਾ ਸਾਡੀ ਆਪਸੀ ਫੁੱਟ ਨੇ

ਸ਼ਹੀਦੀਆਂ ਨੂੰ ਜਨਮ ਦਿੱਤਾ। ਇਹਨਾਂ ਸ਼ਹੀਦੀਆਂ ਨੇ ਸਾਡੇ ਅੰਦਰੋ ਡਰ ਬਾਹਰ ਕੱਢਿਆ।

ਇਸ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਨੇ ਮਲੇਰਕੋਟਲਾ ਦੇ ਡੀ.ਸੀ. ਸਾਹਿਬ ਵਿਰਾਜ ਸ਼ਾਮਕਗ ਨੂੰ ਸਿਰੋਪਾਉ ਬਖਸ਼ਿਸ਼ ਕੀਤੀ। ਇਸ ਦੇ ਨਾਲ ਹੀ ਗਗਨਅਜੀਤ ਸਿੰਘ ਐਸ.ਐਸ.ਪੀ. ਮਲੇਰਕੋਟਲਾ ਵੀ ਸਤਿਗੁਰਾਂ ਅੱਗੇ ਨਤਮਸਤਕ ਹੋਏ ਅਤੇ ਸਿਰੋਪਾਉ ਪ੍ਰਾਪਤ ਕੀਤਾ।

ਨਵਨੀਤ ਕੌਰ ਸੇਖੋਂ ADGP ਨੇ ਸਤਿਗੁਰਾਂ ਤੋਂ ਸਨਮਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਜਮੀਲ ਉਲ ਰਹਿਮਤ ਐਮ.ਐਲ.ਏ. ਮਲੇਰਕੋਟਲਾ ਨੇ ਸਤਿਗੁਰਾਂ ਤੋਂ ਅਸ਼ੀਰਵਾਦ ਲਿਆ। ਸਤਿਗੁਰੂ ਉਦੇ ਸਿੰਘ ਜੀ ਨੇ ਕਮਲਜੀਤ ਟਿੱਬਾ ਦਾ ਗੀਤਾਂਜਲੀ ਪੁਸਤਕ ਭੇਂਟ ਕਰਨ ਉਪਰ ਸਨਮਾਨ ਕੀਤਾ।

ਉਪਰੰਤ ਸੇਵਕ ਹਰਪਾਲ ਸਿੰਘ ਸੇਵਕ ਨੇ ਸੰਗਤਾਂ ਅੱਗੇ ਹਾਜ਼ਰੀ ਭਰੀ। ਉਨ੍ਹਾਂ ਕੂਕਾ ਲਹਿਰ ਦੇ ਸ਼ਹੀਦਾਂ ਨੇ ਸਿੱਖ ਸ਼ਹੀਦਾਂ ਤੋਂ ਪ੍ਰੇਰਨਾ ਲਈ। ਉਨ੍ਹਾਂ ਭਗਤ ਸਿੰਘ ਦੁਆਰਾ ਕੂਕਾ ਲਹਿਰ ਬਾਰੇ ਲਿਖੇ ਲੇਖ ਦੀ ਚਰਚਾ ਕੀਤੀ। ਕੂਕਾ ਲਹਿਰ ਦੇ ਸ਼ਹੀਦ 20 ਵੀ ਸਦੀ ਦੇ ਦੇਸ਼ ਭਗਤਾਂ ਲਈ ਪ੍ਰੇਰਨਾ ਸ੍ਰੋਤ ਰਹੀ।

ਇਸ ਤੋਂ ਅਗਲੇਰੇ ਬੁਲਾਰੇ ਸਰਦਾਰ ਅਨੂਪ ਸਿੰਘ ਸਨ ਜਿਨ੍ਹਾਂ ਨੇ ਸੰਗਤਾਂ ਨਾਲ ਨਾਮਧਾਰੀ ਲਹਿਰ ਉੱਪਰ ਸਤਿਗੁਰੂ ਰਾਮ ਸਿੰਘ ਨਾਲ ਸੰਬੰਧਿਤ ਕਵਿਤਾ ਪੜ੍ਹੀ। ਇਸ ਤੋਂ ਬਾਅਦ ਹੀਰਾ ਸਿੰਘ ਗਾਬੜੀਆ ਨੇ ਸੰਗਤਾਂ ਨਾਲ ਕੂਕਾ ਲਹਿਰ ਸੰਬੰਧੀ ਵਿਚਾਰ ਸਾਂਝੇ ਕੀਤੇ। ਉਹਨਾਂ ਕੂਕਾ ਸ਼ਹੀਦਾਂ ਦੇ ਯੋਗਦਾਨ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਅੱਜ ਅਸੀਂ ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਾਰਨ ਹੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਹਨਾਂ ਆਕਾਲੀ ਦਲ ਵਲੋਂ ਨਾਮਧਾਰੀ ਸਮਾਰਕਾਂ ਲਈ ਪਾਏ ਯੋਗਦਾਨ ਦੀ ਗੱਲ ਕੀਤੀ।

ਇਸ ਤੋਂ ਬਾਅਦ ਆਪ ਦੇ ਕੈਬਨਿਟ ਮਨਿਸਟਰ ਹਰਦੀਪ ਸਿੰਘ ਮੁੰਡੀਆ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਉਹਨਾਂ ਸਤਿਗੁਰਾਂ ਦੇ ਧਾਰਮਿਕ ਪੱਖ ਨੂੰ ਉਜਾਗਰ ਕੀਤਾ ਅਤੇ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਜਲੀ ਭੇਂਟ ਕੀਤੀ।

ਸਮਾਗਮ ਦੇ ਅੰਤ ਵਿਚ ਸੁਰਿੰਦਰ ਸਿੰਘ ਨਾਮਧਾਰੀ ਨੇ ਪਹੁੰਚੀਆਂ ਸਭ ਸ਼ਖ਼ਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਸੂਬਾ ਬਲਵਿੰਦਰ ਸਿੰਘ ਝੱਲ ਨੇ ਅਰਦਾਸ ਨਾਲ ਪ੍ਰੋਗਰਾਮ ਨੂੰ ਸੰਪੂਰਨਤਾ ਬਖਸ਼ੀ।

## Namdhari Shaheedi Cycle Rally

With the blessings of Sri Satguru Uday Singh Ji, a cycle rally was organized on the occasion of the 154th anniversary of the sacrifice and execution of Namdhari Sikhs at Malerkotla. In 1872, Namdhari Sikhs had marched from Sri Bhaini Sahib to Malerkotla to protest against indiscriminate cow slaughter in the princely state, which at that time was virtually governed by a British Resident, Mr. Heath. Persian and Afghan Maulvis had been instigating the general public toward an open display of cow slaughter, which was certain to hurt cultural sentiments. In this way, the state of Malerkotla — which began with the humility of Sheikh Sadruddin, earned respect when its Nawab Sher Muhammad Khan protested against the inhuman treatment of the younger sons of Sri Guru Gobind Singh Ji, and had long fostered harmonious relations — was being pushed into an environment of communal hatred.

The conduct of the colonial British Government in Punjab and the prevailing circumstances of that period created an atmosphere of hardship for freedom-loving people, for whom harming innocent beings was culturally unacceptable. A skirmish broke out in Malerkotla on 15 January 1872, culminating in the voluntary surrender of Namdhari Sikhs on 16 January. The Deputy Commissioner of Ludhiana, John Lambert Cowan, and the Commissioner of Ambala, Thomas Douglas Forsyth, ordered the execution of sixty-six Namdhari Sikhs by cannon, without conducting a judicial trial.

This incident sparked outrage, though it remained largely confined to intellectual circles, particularly in the British Indian press. Notably, some conscience-stricken British citizens criticized their own government and condemned this display of cruelty and disorder. However, this exemplary sacrifice of the Namdhari Sikhs left an indelible mark on their community and on like-minded individuals, including many prominent freedom fighters who later cited these martyrs as their inspiration.

In order to re-imagine even a fraction of the experience of these martyrs and to pay homage to them, a cycle rally was planned for 17 January 2026. Considerable enthusiasm followed once the idea was shared. With the permission of Sri Satguru Uday Singh Ji, announcements were made through social media and local Gurdwaras in various locations. Cycle rides involving large numbers of participants — especially those who are not professional riders — require careful planning and responsibility. With the blessings of Sri Satguru Ji and the coordination of the organizing team, thorough pre-planning was carried out, considering multiple aspects of safety and logistics. Windcheaters, water bottles, safety goggles, and front and rear lights were arranged. Namdhari Navyug Enterprise Limited provided bicycles to participants who requested them.

On 16 January, a bicycle checkup camp was organized in the reception area of Gurdwara Sri Bhaini Sahib, where NNE staff inspected all bicycles and carried out repairs in real time. Safety instructions were delivered to all riders. The biker escort group, tasked with managing traffic, was also briefed. Their role was to ensure that the rally did not disrupt traffic and that it remained well-managed to avoid public inconvenience.

The following day, Sri Satguru Ji again graced the occasion and interacted with the riders. This informal interaction provided immense motivation and enthusiasm. Satguru Ji personally flagged off the ride at 8:30 A.M. The Cycle Ride 2026 event recorded a total of 110 registered participants, reflecting strong community interest and engagement. The majority confirmed their attendance, while a smaller number were unable to join due to personal reasons. The participant group represented a wide age range — the youngest rider was 8 years old and the oldest was 86 — with an average age of approximately 34 years, highlighting inclusive participation across generations. Gender representation was predominantly male, though female riders also actively participated, indicating growing interest among women in the sport.

The ride, covering 57 kilometers, passed through 12 villages. Gurbani Sangeet was played from a stereo mounted on a leading vehicle, while another stereo system mounted on an electric cycle at the rear ensured continuous Gurbani throughout the journey. The first stop was at a petrol pump 12 kilometers into the ride, where refreshments — including ORS packets, bananas, and water — were provided. The rally then passed through Gurdwara Rara Sahib, where the echo of Jaikara filled the air and the Sangat warmly greeted the riders. Passing through the

villages of Bhikhi and Bir Hans, the second stop was made at Village Siahar at the Namdhari Gurdwara, approximately 32 kilometers from Sri Bhaini Sahib. Siahar holds a long-standing connection with the Namdhari movement. Villagers welcomed the riders, and refreshments consisting of pakoras and chahta were served.

Continuing onward, the rally passed through Raosiana and Gosal villages toward Malaudh (bypass). Malaudh also holds historical significance related to the 1872 Namdhari march to Malerkotla. After passing through Kup Kalan, the third and final stop was made in front of Gurdwara Sukhsagar Sahib, 48 kilometers from the starting point. The priests of Gurdwara Sukhsagar Sahib expressed joy at seeing the group and fondly recalled their Maharaj's interaction with Satguru Jagjit Singh Ji. From this point onward, all riders proceeded in disciplined formation toward the final destination — Namdhari Shaheedi Samarak, Malerkotla. Despite highway travel, the commendable work of the escort group and the discipline of the riders ensured that the final leg was completed safely and without incident.

The sight of so many riders in full Sikh attire, moving with exemplary discipline, was truly inspiring for villagers along the route. Many came out with their families to greet the riders with folded hands. The rally reached Malerkotla at 1:30 P.M. Upon entering the Shaheedi Samarak gates, the riders were warmly welcomed by an enthusiastic Sangat with flowers. All bicycles were parked together, and the riders attended the main programme, graced by Satguru Ji. After the Bhog, participants proceeded to langar. Meanwhile, the efficient NNE staff loaded the bicycles onto their trucks. At the conclusion of the event, certificates were distributed to all participants. Riders were transported back to Sri Bhaini Sahib by bus, where their bicycles were returned to them.

Overall, the event was highly successful and generated tremendous enthusiasm within the community. It is also expected to have raised awareness among the general public about the exemplary sacrifice of the Namdhari Sikhs.

..............................................................

## ਬਸੰਤ ਪੰਚਮੀ ਮੇਲਾ 2026

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਸੰਤ ਪੰਚਮੀ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ 23-24 ਜਨਵਰੀ ਨੂੰ ਮਨਾਇਆ ਗਿਆ। ਸਵੇਰ ਦੀ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸਰਮੁੱਖ ਸਿੰਘ, ਬਸੰਤ ਸਿੰਘ, ਸ਼ਾਮ ਸਿੰਘ ਹੁਰਾਂ ਦੇ ਜਥੇ ਨੇ ਕੀਤਾ। ਦੋ ਜੋੜਿਆਂ ਦੇ ਅਨੰਦ ਕਾਰਜ ਵੀ ਸੰਪੰਨ ਹੋਏ।

ਦੁਪਿਹਰ ਦੇ ਪ੍ਰੋਗਰਾਮ ਦੀ ਸ਼ੁਰੂਆਤ ਕਵੀ ਗੁਰਸੇਵਕ ਸਿੰਘ ਹੁਰਾਂ ਦੇ ਜਥੇ ਨੇ ਕਵੀਸ਼ਰੀ ਪ੍ਰਸੰਗ ਨਾਲ ਕੀਤੀ। ਜਥੇਦਾਰ ਆਸਾ ਸਿੰਘ ਨੇ ਹੱਲੇ ਦੇ ਦੀਵਾਨ ਰਾਂਹੀ ਸਤਿਗੁਰੂ ਰਾਮ ਸਿੰਘ ਦੇ ਪਰਉਪਕਾਰਾਂ ਦਾ ਗੁਣਗਾਨ ਕੀਤਾ। ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਧਾਰਨ ਸਬੰਧੀ ਹੋਏ ਆਦਿ ਗੁਰੂ ਸਾਹਿਬਾਨ ਦੇ ਭਵਿੱਖਤ ਬਚਨਾਂ ਦੀ ਸਾਂਝ ਸੰਗਤਾਂ ਨਾਲ ਪਾਈ।

ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸਰਮੁੱਖ ਸਿੰਘ, ਸ਼ਾਮ ਸਿੰਘ ਹੁਰਾਂ ਦੇ ਜਥੇ ਨੇ 'ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰਮੋਹ' ਦੇ ਸ਼ਬਦ ਨਾਲ ਸ਼ੁਰੂਆਤ ਕੀਤੀ ਅਤੇ "ਆਜੁ ਹਮਾਰੈ ਗ੍ਰਿਹਿ ਬਸੰਤ ਸ਼ਬਦ

ਨਾਲ ਕੀਰਤਨ ਦੀ ਸਮਾਪਤੀ ਕੀਤੀ। ਗੁਰਲਾਲ ਸਿੰਘ ਹੁਰਾਂ ਨੇ ਆਣ ਕੇ ਸਟੇਜ ਸੰਭਾਲੀ ਅਤੇ ਇਕ-ਇਕ ਕਰਕੇ ਬੁਲਾਰਿਆਂ ਨੂੰ ਸੰਗਤ ਸਾਹਮਣੇ ਪੇਸ਼ ਕਰਨਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਅਨੂਪ ਸਿੰਘ ਕਨੇਡਾ ਅਤੇ ਕਵੀ ਗੁਰਭਗਤ ਸਿੰਘ ਹੁਰਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਨੂੰ ਦਰਸਾਉਂਦੀ ਇਕ ਕਵਿਤਾ ਸੰਗਤਾਂ ਦੇ ਸਾਹਮਣੇ ਪੇਸ਼ ਕੀਤੀ। ਪੰਜਾਬ ਸਰਕਾਰ ਦੇ ਨੁਮਾਇਦੇ ਵਜੋਂ ਸ. ਧਰਮਪ੍ਰੀਤ ਸਿੰਘ ਸੌਂਦ (ਮੰਤਰੀ ਪੰਜਾਬ ਸਰਕਾਰ) ਸੰਗਤਾਂ ਨੂੰ ਸੰਬੋਧਨ ਹੋਏ ਅਤੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਦੇਸ਼ ਅਜ਼ਾਦੀ ਲਏ ਚੁੱਕੇ ਕਦਮਾਂ ਦਾ ਵਰਣਨ ਕੀਤਾ।

ਸੰਤ ਗੁਰਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਕੀਤੇ ਸਤਿਗੁਰੂ ਰਾਮ ਸਿੰਘ ਜੀ ਦੇ ਯਤਨਾਂ ਦਾ ਵਰਣਨ ਕੀਤਾ।

ਜਸਵੰਤ ਸਿੰਘ ਜ਼ਫ਼ਰ 'ਡਾਇਰੈਕਟਰ ਭਾਸ਼ਾ ਵਿਭਾਗ' ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਤੇ ਬਾਅਦ ਵਿਚ ਸਿੱਖਾਂ ਦੇ ਕਿਰਦਾਰ ਦਾ ਵਰਨਣ ਕਰਦੇ ਹੋਏ ਅਤੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਉਹਨਾਂ ਦੇ ਕਿਰਦਾਰ ਸੁਧਾਰ ਦੇ ਯਤਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਦੇ ਪਰਉਪਕਾਰਾਂ ਦਾ ਗੁਣਗਾਨ ਕੀਤਾ। ਸੇਵਕ ਹਰਪਾਲ ਸਿੰਘ ਸਤਿਗੁਰੂ ਰਾਮ ਸਿੰਘ ਜੀ ਵਲੋਂ ਸਿੱਖਾਂ ਦਾ ਆਚਾਰ-ਵਿਹਾਰ ਤੇ ਕਿਰਦਾਰ ਨੂੰ ਕਿਸ ਤਰ੍ਹਾਂ ਉੱਚਾ ਚੁੱਕਦਿਆਂ ਚੋਰ ਡਾਕੂਆਂ ਤੋਂ ਦੇਸ਼ ਭਗਤ ਸ਼ਹੀਦ ਬਣਾਏ ਇਤਿਹਾਸ ਤੇ ਚਾਨਣਾ ਪਾਇਆ। ਸੰਤ ਨਿਸ਼ਾਨ ਸਿੰਘ ਹੁਰਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਤ ਖਾਲਸਾ ਸਾਜਨਾ, ਸਿੱਖਾਂ ਦਾ ਕਿਰਦਾਰ ਉੱਚਾ ਕਰਨ ਅਤੇ ਪ੍ਰਦੇਸ਼ ਤੋਂ ਵੀ ਹੁਕਮਨਾਮਿਆਂ ਰਾਂਹੀ ਆਪਣੇ ਸਿੱਖਾਂ ਨੂੰ ਸਮੇਂ-ਸਮੇਂ ਸੁਚੇਤ ਕਰਦੇ ਰਹਿਣ ਦਾ ਗੌਰਵਮਈ ਇਤਿਹਾਸ ਸੰਗਤਾਂ ਨਾਲ ਸਾਝਾ ਕੀਤਾ। ਅਵੀਨਾਸ਼ ਰਾਏ ਖੰਨਾ ਨੇ ਨਾਮਧਾਰੀ ਦਰਬਾਰ ਵਲੋਂ ਕੀਤੇ ਜਾ ਰਹੇ ਸਮਾਜ ਸੁਧਾਰ ਦੇ ਯਤਨਾਂ ਦਾ ਧੰਨਵਾਦ ਕੀਤਾ ਤੇ ਬਸੰਤ ਪੰਚਮੀ ਦੀਆਂ ਸਾਰੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ।

ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿਚ 'ਨਾਇਬ ਸਿੰਘ ਸੈਣੀ' ਮੁੱਖ ਮੰਤਰੀ ਹਰਿਆਣਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਪੁੱਜੇ। ਨਾਇਬ ਸੈਣੀ ਹੁਰਾਂ ਨੇ ਸੰਗਤਾਂ ਨੂੰ ਸੰਬੋਧਨ ਹੋ ਕੇ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਆਉਣ ਦੀ ਖੁਸ਼ੀ ਜਾਹਿਰ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਮ-ਮਿਲਵਰਤਨ ਲਹਿਰ ਦੀ ਚਰਚਾ ਕਰਦਿਆਂ ਉਹਨਾਂ ਨੇ ਭਗਤ ਸਿੰਘ ਦੁਆਰਾ ਵਿਚ ਇਸ ਲਹਿਰ ਦੀ ਸ਼ਲਾਘਾ ਕਰਦਿਆਂ ਲਿਖਤ ਦੀ ਚਰਚਾ ਕੀਤੀ। ਦੇਸ਼ ਅਜ਼ਾਦੀ ਦੀ ਜੰਗ ਵਿਚ ਕੂਕਾ ਲਹਿਰ ਦੇ ਯੋਗਦਾਨ ਦੀ ਰੱਜ ਕੇ ਸ਼ਲਾਘਾ ਕੀਤੀ। ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਜੀ ਚੇਅਰ ਸਥਾਪਿਤ ਕਰਨ ਦੀ ਗੱਲ ਵੀ ਸੈਣੀ ਹੁਰਾਂ ਨੇ ਪ੍ਰਵਾਨ ਕੀਤੀ। ਸਤਿਗੁਰੂ ਜੀ ਨੇ ਉਪਦੇਸ਼ ਕਰਦਿਆਂ ਸਾਰੇ ਸੰਗਤ ਨੂੰ ਵਧਾਈ ਦਿੰਦਿਆਂ ਨੇਤਾ ਸ਼ੁਬਾਸ ਚੰਦਰ ਬੋਸ ਦੇ ਵੀ ਜਨਮ ਦਿਨ ਦਾ ਜ਼ਿਕਰ ਕੀਤਾ। ਸਤਿਗੁਰੂ ਜੀ ਬਾਹਰੋਂ ਆਏ ਰਾਜਨਿਤਕ ਅਤੇ ਸਮਾਜਿਕ ਸਭ ਬੁਲਾਰਿਆਂ ਅਤੇ ਮਹਿਮਾਨ ਦਾ ਸਨਮਾਨ ਅਤੇ ਧੰਨਵਾਦ ਕੀਤਾ। ਨੈਤਿਕਤਾ ਅਤੇ ਇਨਸਾਨਿਅਤ ਨੂੰ ਅਪਣਾਉਣ ਲਈ ਅਤੇ ਦਇਆ ਧਾਰਨ ਕਰਕੇ ਹਰ ਲੋੜਵੰਦ ਦੀ ਮੱਦਦ ਕਰਨ ਲਈ ਉਪਦੇਸ਼ ਦਿੱਤਾ।

24-1-2025- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਹਰਪ੍ਰੀਤ ਸਿੰਘ ਸੋਨੂੰ, ਸਤਨਾਮ ਸਿੰਘ, ਈਸ਼ਰ ਸਿੰਘ, ਬਸੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ। 10 ਲੜਕੇ ਲੜਕੀਆਂ ਦੇ ਅਨੰਦ ਕਾਰਜ ਹੋਏ। 81 ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਕ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠਾਂ ਦਾ ਭੋਗ ਪਾਇਆ ਗਿਆ।

ਮੇਲੇ ਦੀ ਸੇਵਾ ਸ. ਸੁਰਿੰਦਰ ਸਿੰਘ 'ਭਾਈ ਜੀ' ਅਤੇ ਪਰਿਵਾਰ ਵਲੋਂ ਕਰਵਾਈ ਗਈ।

## ਸੰਗੀਤਕ ਸ਼ਾਮ

25-1-20226 ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ਼ਾਮ ਦਾ ਆਯੋਜਨ ਕੀਤਾ ਗਿਆ।

ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸਭ ਤੋਂ ਪਹਿਲੀ ਪੇਸ਼ਕਾਰੀ ਲਈ ਨੌਜਵਾਨ ਤਬਲਾ ਵਾਦਕ ਨਿਸ਼ਿਤ ਗੰਗਾਨੀ ਸਟੇਜ ਉੱਪਰ ਆਏ ਉਹਨਾਂ ਨਾਲ ਨਗਮੇ ਲਈ ਇਸ਼ਵਰ ਸਿੰਘ ਨੇ ਹਰਮੋਨੀਅਮ ਨਾਲ ਸਾਥ ਦਿੱਤਾ। ਨਿਸ਼ਿਤ ਗੰਗਾਨੀ ਨੇ ਤਿੰਨ ਤਾਲ ਵਿਚ ਆਪਣੀ ਪੇਸ਼ਕਾਰੀ ਪੇਸ਼ ਕੀਤੀ। ਅਖੀਰੀ ਪੇਸ਼ਕਾਰੀ ਲਈ ਸਾਰੰਗੀ ਉਸਤਾਦ ਮੁਰਾਦ ਮਲੀ ਆਪਣੀ ਸ਼ਿਸ ਮੰਡਲੀ ਸ਼ਾਹ ਨਿਵਾਜਅਲੀ, ਸੁਭਾਨ ਅਲੀ, ਰਿਹਾਨ ਅਲੀ, ਪ੍ਰਭਜੀਤ ਕੌਰ ਸਾਰੰਗੀ ਨਾਲ ਸਟੇਜ

ਤੇ ਆਏ। ਉਹਨਾਂ ਨਾਲ ਤਬਲੇ ਸੰਗਤ ਲਈ ਅਬਦੁਲ ਰਿਹਮਾਨ ਅਤੇ ਹਰਨਾਮ ਸਿੰਘ ਨਾਮਧਾਰੀ ਅਤੇ ਗਾਇਨ ਲਈ ਮੁਹੰਮਦ ਅਯਾਨ ਸਟੇਜ ਤੇ ਆਏ।

ਰਾਗ ਪੂਰਤੀ ਨਾਲ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ ਕੀਤੀ। ਪੂਰਣੀ ਰਾਗ ਦੇ ਆਲਾਪ ਅਤੇ ਤਾਨਾਂ ਨਾਲ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਬਾਅਦ ਵਿਚ ਕੁਝ ਪੁਰਾਤਨ ਬੰਦਿਸ਼ਾਂ ਜੋ ਖਾਸ ਬਸੰਤ ਰੁੱਤ ਦੇ ਆਗਮਨ ਵੇਲੇ ਗਾਈਆਂ ਵਜਾਈਆਂ ਜਾਂਦੀਆਂ ਹਨ ਉਹਨਾਂ ਦਾ ਵਾਦਨ ਕਰਕੇ ਸਮਾਪਤੀ ਕੀਤੀ। ਸਤਿਗੁਰੂ ਜੀ ਨੇ ਆਏ ਹੋਏ ਸਾਰੇ ਕਲਾਕਾਰਾਂ ਦਾ ਸਨਮਾਨ ਕੀਤਾ।

.....................................................

## ਬਸੰਤ ਮੇਲਾ ਬਜੀਦਪੁਰ

ਸਿਖੀ ਬਾਗ ਖਿਜ਼ਾ ਜਦ ਗ੍ਰਸਿਆ  
ਭਯੋ ਪਤ੍ਰ ਬਿਨ ਸਾਇਆ॥  
ਰੂਪ ਬਸੰਤ ਦਾ ਧਾਰ ਕੇ ਬਾਬਾ  
ਦਿਨ ਬਸੰਤ ਦੇ ਆਇਆ॥

ਉਪਰੋਕਤ ਸਤਰਾਂ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਜੀ ਵੱਲੋਂ ਜੰਗ-ਏ-ਅਜ਼ਾਦੀ ਦੇ ਮੋਢੀ ਅਕਾਲਪੁਰਖ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਲਿਖੀਆਂ ਗਈਆਂ ਹਨ। ਸਤਿਗੁਰੂ ਜੀ ਦਾ ਪ੍ਰਕਾਸ਼ ਮਾਘ ਸੁਦੀ ਪੰਚਮੀ,1872 ਬੀ: ਭਾਵ ਬਸੰਤ ਪੰਚਮੀ ਵਾਲੇ ਦਿਨ 1816 ਈ. ਨੂੰ ਪਿੰਡ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਸਤਿਗੁਰੂ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਪੰਥ ਖਾਲਸੇ ਨੂੰ (ਜੋ ਉਸ ਵਕਤ ਬੜੇ ਮਾੜੇ ਹਾਲਾਤਾਂ ਵਿੱਚ ਸੀ) ਨੂੰ ਪੁਨਰ ਸੁਰਜੀਤ ਕੀਤਾ ਤੇ ਸੰਤ ਖਾਲਸਾ ਸਜਿਆ। ਸਤਿਗੁਰੂ ਜੀ ਨੇ ਬੀਬੀਆਂ ਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੀ ਅਤੇ ਹੋਰ ਵੀ ਅਨੇਕਾਂ ਉਪਕਾਰ ਕੀਤੇ ਤੇ ਕਲਯੁਗ ਦੇ ਉਸ ਮਾੜੇ ਦੌਰ ਵਿੱਚ ਸਤਿਜੁਗ ਵਰਤਾਇਆ।

ਪਿੰਡ ਬਜ਼ੀਦਪੁਰ ਦੀ ਸਾਧ-ਸੰਗਤ ਵਲੋਂ ਵੀ ਨਾਮਧਾਰੀ ਵਿੱਦਿਅਕ ਜਥਾ, ਪਿੰਡ ਬਜੀਦਪੁਰ ਦੇ ਸਹਿਯੋਗ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਕਰਵਾਇਆ ਗਿਆ।ਮਿਤੀ 23 ਜਨਵਰੀ,ਦਿਨ ਸ਼ੁਕਰਵਾਰ ਨੂੰ ਬਸੰਤ ਪੰਚਮੀ ਵਾਲੇ ਦਿਨ ਪਾਠ ਦਾ ਆਰੰਭ ਹੋਇਆ।ਇਸ ਵਿੱਚ



ਪਾਠੀ, ਧੂਫੀਆ, ਪਹਿਰੂ ਅਤੇ ਲਾਂਗਰੀ ਇਹ ਸਾਰੀ ਸੇਵਾ ਨਾਮਧਾਰੀ ਵਿਦਿਅਕ ਜਥਾ, ਪਿੰਡ ਬਜ਼ੀਦਪੁਰ ਦੇ ਨੌਜਵਾਨਾਂ ਵੱਲੋਂ ਕੀਤੀ ਗਈ ਤੇ ਪਾਠ ਦੀਪ, ਕੁੰਭ, ਲਲੇਰ ਸਮੇਤ ਸੰਪੂਰਨ ਮਰਿਯਾਦਾ ਨਾਲ ਕੀਤਾ ਗਿਆ। ਮਿਤੀ 25 ਜਨਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਅਖੰਡ ਪਾਠ ਸਾਹਿਬ ਦੇ ਨਾਲ 1 ਸਹਿਜ ਪਾਠ ਨਾਮਧਾਰੀ ਵਿਦਿਅਕ ਜਥਾ,ਬਜੀਦਪੁਰ ਵੱਲੋਂ ਤੇ 20 ਸੁਖਮਨੀ ਸਾਹਿਬ ਦੇ ਪਾਠ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿਤ ਕਰਕੇ ਭੋਗ ਪਾਇਆ ਗਿਆ ਉਪਰੰਤ ਸੰਤ ਬਲਜਿੰਦਰ ਸਿੰਘ ਤੇ ਜਥੇ ਵੱਲੋਂ ਗੀਤ 'ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ,ਰੱਬੀ ਜੋਤ ਸ੍ਰੀ ਭੈਣੀ ਸਾਹਿਬ ਪ੍ਰਗਟਾਈ ਏ' ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਫਿਰ ਪਿੰਡ ਬਜ਼ੀਦਪੁਰ ਦੀ ਉੱਘੀ ਸਖਸ਼ੀਅਤ ਸਤਿਕਾਰਯੋਗ ਰਾਗੀ ਤਰਲੋਚਨ ਸਿੰਘ ਜੀ ਵੱਲੋਂ ਬਸੰਤ ਰਾਗ ਵਿੱਚ ਸ਼ਬਦ ਗਾਇਨ ਕੀਤਾ ਗਿਆ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਪ੍ਰਸਿੱਧ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਜੀ ਹੁਰਾਂ ਨੇ ਸੁਰੀਲੀ ਕਵੀਸ਼ਰੀ ਰਾਹੀਂ ਇਤਿਹਾਸ ਸੰਗਤਾਂ ਦੇ ਸਨਮੁਖ ਕੀਤਾ। ਬਾਅਦ ਗੁਰੂ ਘਰ ਦੇ ਸਕੱਤਰ ਸੰਤ ਇੰਦਰਜੀਤ ਸਿੰਘ ਜੀ ਵੱਲੋਂ ਸੇਵਾਦਾਰਾਂ ਦਾ ਸਿਰੋਪਾਓ ਦੇਕੇ ਸਨਮਾਨ ਕੀਤਾ ਗਿਆ ਅਤੇ ਸਮੂਹ ਸੰਗਤ ਦਾ ਕੋਟਾਨ-ਕੋਟਿ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਤਿੰਨੋਂ ਦਿਨ ਅਤੁੱਟ ਵਰਤਿਆ।

**ਹਰਸਾਹਿਬ ਸਿੰਘ ਬਜ਼ੀਦਪੁਰ**

.....................................................

## ਬੁੱਲ੍ਹੇ ਸ਼ਾਹ ਦੀ ਮਜ਼ਾਰ ਢਾਹੇ ਜਾਣ ਦੇ ਵਿਰੋਧ ਵਿੱਚ ਸੈਮੀਨਾਰ

ਮਸੂਰੀ ਵਿਖੇ ਬਾਬਾ ਬੁੱਲ੍ਹੇ ਸ਼ਾਹ ਜੀ ਦੀ ਮਜ਼ਾਰ ਢਾਹੇ ਜਾਣ ਦੇ ਵਿਰੋਧ ਵਿੱਚ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਵਲੋਂ 31 ਜਨਵਰੀ 2026 ਵਿੱਚ ਸੈਮੀਨਾਰ ਅਯੋਜਿਤ ਕੀਤਾ ਗਿਆ। ਜਿਸ ਵਿਚ ਪੰਜਾਬ ਦੀਆਂ ਸਰਗਰਮ ਜਥੇਬੰਦੀਆਂ



ਨੇ ਹਿੱਸਾ ਲਿਆ ਇਸ ਸਮਾਗਮ ਵਿੱਚ ਪ੍ਰਧਾਨਗੀ ਭਾਸ਼ਣ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਦੇ ਸਾਬਕਾ ਸੰਪਾਦਕ ਡਾ. ਸਵਰਾਜਬੀਰ ਦੁਆਰਾ ਪੇਸ਼ ਕੀਤਾ ਗਿਆ। ਨਾਮਧਾਰੀ ਦਰਬਾਰ ਵਲੋਂ ਸੁਵਰਨ ਸਿੰਘ ਵਿਰਕ ਦੀ ਅਗਵਾਈ ਹੇਠ ਗੁਰਲਾਲ ਸਿੰਘ, ਗੁਰਭਗਤ ਸਿੰਘ ਅਤੇ ਖਲੀਲ ਖਾਨ ਵਲੋਂ ਹਾਜ਼ਰੀ ਲਗਵਾਈ ਗਈ। ਇਸ ਪ੍ਰੋਗਰਾਮ ਵਿਚ ਭਾਰਤ ਅੰਦਰ ਸਰਬਸਾਂਝੀਵਾਲਤਾ ਦਾ ਹੋਕਾ ਦਿੱਤਾ ਗਿਆ ਅਤੇ ਫਿਰਕੂ ਸ਼ਕਤੀਆਂ ਦੀ ਨਿਖੇਧੀ ਕੀਤੀ ਗਈ।

.................................................................

## ਦਿੱਲੀ ਵਿਖੇ ਬਸੰਤ ਮੇਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਸੰਤ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ 1 ਫਰਵਰੀ 2026 ਨੂੰ ਮਨਾਇਆ ਗਿਆ।

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਹਰਪ੍ਰੀਤ ਸਿੰਘ ਜੀ ਨੇ ਕਰਦਿਆਂ ਗੁਰਬਾਣੀ ਦੇ ਸ਼ਬਦ ਪੜੇ–

"ਸਖੀ ਆਜੁ ਹਮਾਰੈ ਮੰਗਲਚਾਰ"

"ਘਰ ਆਇਆ ਪਿਰੁ ਮੇਰਾ"

ਵਾਰ ਤੋਂ ਬਾਅਦ ਸ੍ਰੀ ਸੁਧਾਂਸ਼ੂ ਜੀ ਮਹਾਰਾਜ, ਵਾਲਮੀਕੀ ਸਮਾਜ ਦੇ ਮਹਾਂ ਮੰਡਲੇਸ਼ਵਰ ਸੰਤ ਕਿਸਨ ਸਾਹ ਵਿਦਿਆਰਥੀ ਜੀ, ਇਸਕੋਨ ਮੰਦਿਰ ਰੋਹਿਣੀ ਦੇ ਪ੍ਰੈਜ਼ੀਡੈਂਟ ਸ੍ਰੀ ਕੇਸਵ ਮੁਰਾਰੀ ਦਾਸ ਜੀ, ਸ੍ਰੀ ਵਿਸ਼ਨੂੰ ਦਾਸ ਜੀ ਗੋੜੀਆ ਸੰਪਰਦਾ, ਸ੍ਰੀ ਮਹੰਤ ਕਨ੍ਹਈਆ ਗਿਰੀ ਜੀ ਨੇ ਸਾਧ ਸੰਗਤ ਨੂੰ ਅਧਿਆਤਮਿਕ ਜੀਵਨ ਦੀ ਉੱਨਤੀ ਸਬੰਧੀ ਪ੍ਰਵਚਨ ਦਿੱਤੇ।

ਦੁਪਿਹਰ ਨੂੰ ਜਥੇਦਾਰ ਸਵਰਨ ਸਿੰਘ, ਜਥੇਦਾਰ ਦਰਸ਼ਨ ਸਿੰਘ, ਸਥਾਨਕ ਬੀਬੀਆਂ ਨੇ ਦੀਵਾਨ ਸਜਾਏ। ਰਾਗੀ ਈਸ਼ਰ ਸਿੰਘ ਤੇ ਰਾਗੀ ਸਾਜਨ ਸਿੰਘ ਜੀ ਵਲੋਂ ਸਿਖਾਏ ਗਏ ਬੱਚਿਆਂ ਨੇ ਗੁਰਬਾਣੀ ਸ਼ਬਦ ਗਾਇਣ ਕੀਤੇ। ਬੀਬੀ ਨਵਨੀਤ ਕੌਰ ਤੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੇ ਦੀਵਾਨ ਤੇ ਭਾਸ਼ਣ ਦਿੱਤੇ। ਉਪਰੰਤ ਰਾਗੀ ਬਲਵੰਤ ਸਿੰਘ ਜੀ ਨੇ ਕੀਰਤਨ ਕੀਤਾ।

ਵਿਸ਼ੇਸ਼ ਬੁਲਾਰਿਆਂ ਵਿੱਚ ਡਾ.ਕੁਲਦੀਪ ਸਿੰਘ ਦੀਪ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਗਏ ਸਮਾਜਿਕ ਸੁਧਾਰ ਅਤੇ ਰਾਜਨੀਤਿਕ ਅੰਦੋਲਨ ਦੀ ਗੱਲ ਕੀਤੀ। ਆਰੀਆ ਸਮਾਜ ਤੋਂ ਸ੍ਰੀ ਵਿਨੇ ਆਰੀਆ ਜੀ ਨੇ ਬੋਲਦਿਆਂ ਇਸ ਗੱਲ ਵਧਾਈ ਦਿੱਤੀ ਕਿ ਅੱਜ ਵੀ ਨਾਮਧਾਰੀ ਸਮਾਜ ਉਹਨਾਂ ਕਦਰਾਂ ਕੀਮਤਾਂ ਦਾ ਧਾਰਨੀ ਹੈ ਜਿਹੜੀਆਂ ਮਰਯਾਦਾਵਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਿੱਲੀ ਪ੍ਰਧਾਨ ਸ੍ਰੀ ਕਪਿਲ ਖੰਨਾ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੁਆਰਾ ਕੀਤੀਆਂ ਗਈਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਸੰਤ ਨਿਸ਼ਾਨ ਸਿੰਘ ਜੀ ਤੇ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਵਿਖਿਆਨਾਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਜੋ ਸਿੱਖੀ ਨੂੰ ਪੁਨਰ ਸੁਰਜੀਤ ਕਰਨ ਦਾ ਪਹਿਲੂ ਸੀ ਉਸਨੂੰ ਬਿਆਨ ਕੀਤਾ।

ਵਿਸ਼ੇਸ਼ ਪ੍ਰਾਹੁਣਿਆਂ ਵਿੱਚ ਸ. ਪਰਮਜੀਤ ਸਿੰਘ ਸਰਨਾ ( ਅਕਾਲੀ ਦਲ ਦਿੱਲੀ), ਸ.ਮਨਜੀਤ ਸਿੰਘ ਜੀ.ਕੇ, ਐਮ.ਐਲ.ਏ, ਸ. ਜਰਨੈਲ ਸਿੰਘ (ਤਿਲਕ ਨਗਰ) ਸ੍ਰੀ ਅਜੇ ਦੱਤ ਜੀ (ਅੰਬੇਡਕਰ ਨਗਰ) ਸੁਭਾਸ਼ ਸਚਦੇਵਾ ਜੀ (ਰਮੇਸ਼ ਨਗਰ) , ਕੌਂਸਲਰ ਅਲਕਾ ਢੀਂਗਰਾ ( ਮੋਤੀ ਨਗਰ) ਸ੍ਰੀਮਤੀ ਸ਼ਿਲਪਾ ਕੌਰ (ਤਿਲਕ ਨਗਰ), ਸ੍ਰੀਮਤੀ ਅਲਕਾ ਲਾਂਬਾ (ਕਾਂਗਰਸ), ਸ. ਗੁਰਦੀਪ ਸਿੰਘ ਸੱਪਲ ( ਚੇਅਰਮੈਨ ਕਾਂਗਰਸ), ਬੀਬੀ ਰਣਜੀਤ ਕੌਰ, ਰਾਮਗੜ੍ਹੀਆ ਬੋਰਡ ਦੇ ਪ੍ਰਬੰਧਕ, ਰਾਮਗੜ੍ਹੀਆ ਫੈਡਰੇਸ਼ਨ ਦੇ ਪ੍ਰਬੰਧਕ, ਸ. ਦਵਿੰਦਰ ਸਿੰਘ (ਪ੍ਰਧਾਨ ਗੁਰਦੁਆਰਾ ਸਿੰਘ ਸਭਾ ਰਮੇਸ਼ ਨਗਰ) ਇਤਿਆਦਿ ਨੇ ਆਪਣੀ ਹਾਜ਼ਰੀ ਭਰੀ।

ਅਖੀਰ ਵਿੱਚ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ

ਮੁਖਾਰਬਿੰਦ ਤੋਂ ਸਾਧ ਸੰਗਤ ਦੇ ਭਲੇ ਲਈ ਪਵਿੱਤਰ ਉਪਦੇਸ਼ ਬਖਸ਼ਿਸ਼ ਕੀਤਾ।

ਇਸ ਮੇਲੇ ਵਿੱਚ ਸੰਗਤ ਦੀ ਗਿਣਤੀ ਵੱਡੀ ਹੋਣ ਕਰਕੇ ਲੰਗਰ ਸਵੇਰੇ 7 ਵਜੇ ਤੋਂ ਲੈਕੇ ਸ਼ਾਮ 5 ਵਜੇ ਤੱਕ ਅਟੁੱਟ ਵਰਤਦਾ ਰਿਹਾ।

**ਜਥੇ. ਨਿਸ਼ਾਨ ਸਿੰਘ ਦਿੱਲੀ**

.........................................................

## ਪਿੰਡ ਡਾਚਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾਂ ਕਰਨਾਲ ਦੇ ਪਿੰਡ ਡਾਚਰ ਦੇ ਵਸਨੀਕ ਸ. ਗੁਰਪਿੰਦਰ ਸਿੰਘ ਪੁੱਤਰ ਸ. ਗੁਰਮੀਤ ਸਿੰਘ ਦੇ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 18 ਜਨਵਰੀ 2026 ਦਿਨ ਐਤਵਾਰ ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਚੱਲ ਕੇ ਵਾਇਆ ਅੰਬਾਲਾ ਹੁੰਦੇ ਹੋਏ ਜ਼ਿਲ੍ਹਾ ਕਰਨਾਲ ਦੀ ਤਹਿਸੀਲ ਅਸੰਧ ਅਧੀਨ ਪੈਂਦੇ ਪਿੰਡ ਡਾਚਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਗੁਰਪਿੰਦਰ ਸਿੰਘ ਦੇ ਗ੍ਰਹਿ ਵਿਖੇ ਜ. ਬਲਬੀਰ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਗਏ ਹੋਏ ਜਥੇ ਵਲੋਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ। ਪ੍ਰਸ਼ਾਦਾ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਖੁੱਲ੍ਹੇ ਪੰਡਾਲ ਵਿੱਚ ਦਰਸ਼ਨ ਦਿੱਤੇ ਤਾਂ ਸ੍ਰੀ ਸਤਿਗੁਰੂ ਜੀ ਦਾ ਹਜ਼ੂਰੀ ਰਾਗੀ ਜਥਾ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਰਮੁੱਖ ਸਿੰਘ ਸਮੇਤ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸ਼ਬਦ ਸੀ ਭਾਈ ਗੁਰਦਾਸ ਜੀ ਦਾ ਚਰਨ ਸਰਿਨ ਗੁਰ ਏਕ ਪੈਡਾ ਜਾਇ ਚਲ ਦੂਸਰਾ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸੀ ਸਤਿਗੁਰ ਤੇ ਨਿਰਮਲ ਮਤਿ ਲਈ ਉਪਰੰਤ ਕੀਰਤਨ ਦੀ ਸਮਾਪਤੀ ਤੇ ਪ੍ਰੋਗਰਾਮ ਦੀ ਸਮਾਪਤੀ ਦੀ ਅਰਦਾਸ ਹੋਈ।

ਸ੍ਰੀ ਸਤਿਗੁਰੂ ਜੀ ਨੇ ਸ. ਪ੍ਰੀਤਮ ਸਿੰਘ, ਬਲਵੰਤ ਸਿੰਘ, ਮੋਹਨ ਸਿੰਘ ਪੁੱਤਰ ਗੱਜਣ ਸਿੰਘ ਪਿੰਡ ਡਾਚਰ ਵਿਖੇ ਅਤੇ ਇਸ ਤੋਂ ਬਾਅਦ ਪਿੰਡ ਗੋਂਦਰ ਵਿਖੇ ਸ. ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਦੇ ਘਰ ਚਰਨ ਪਾਉਣ ਸਮੇਂ ਬੂਟਾ ਸਿੰਘ ਬੇਟੇ ਬਲਕਾਰ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਠਰੀ ਵਿਖੇ ਸ. ਨਿਰਮਲ ਸਿੰਘ, ਕੁਲਵਿੰਦਰ ਸਿੰਘ ਪੁੱਤਰ ਜਗਬੀਰ ਸਿੰਘ ਦੇ ਘਰ ਚਰਨ ਪਾਉਣ ਸਮੇਂ ਸ੍ਰੀ ਸਤਿਗੁਰੂ ਜੀ ਨੇ ਕਾਕਾ ਕਰਤਾਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਅਤੇ ਨਰਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਪਿੰਡ ਠਰੀ ਵਿਖੇ ਹੀ ਸ. ਗੁਰਬਖਸ਼ੀਸ਼ ਸਿੰਘ, ਦਵਿੰਦਰ ਸਿੰਘ ਪੁੱਤਰ ਸ. ਫੂਲਾ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਪਰਿਵਾਰ ਦੇ ਪਿਛੋਕੜ ਬਾਰੇ ਬਚਨ ਬਿਲਾਸ ਕਰਦੇ ਸਮੇਂ ਪਤਾ ਲੱਗਾ ਕਿ ਇਨ੍ਹਾਂ ਦੀ ਮਾਤਾ ਮਾਈ ਸੋਧਨ ਕਰਕੇ ਜਾਣੀ ਜਾਂਦੀ ਸੀ ਜਿਸਦਾ ਪਿਛੋਕੜ ਤੇ ਪੇਕਾ ਪਰਿਵਾਰ ਪਿੰਡ ਘੁੜਾਮ ਜਿਲ੍ਹਾਂ ਪਟਿਆਲਾ ਵਿਖੇ ਸੀ। ਵਾਪਸੀ ਸਮੇਂ ਅਸੰਧ ਸ਼ਹਿਰ ਵਿਖੇ ਸੂਬਾ ਅਮਰੀਕ ਸਿੰਘ ਅਸੰਧ, ਜਗਦੀਸ ਸਿੰਘ, ਲਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਏਥੋਂ ਹੀ ਵਾਪਸੀ ਕਰਦੇ ਹੋਏ ਵਾਇਆਂ ਫਤਿਆਬਾਦ, ਸਿਰਸਾ ਹੁੰਦੇ ਹੋਏ ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.........................................................

## How Did Bhagavad Gita Help...

When it comes to the body, the Gita says, *"Titikṣhasva",* endure or tolerate no point raising a big hue and cry. And when it comes to the right action, the Gita says, *"Yudhyasva",* fight your job is to fight. And in the process of fighting, bear what you have to.

*Now, do you see the metal that Bose is made of? "Endure and fight." And you cannot say that if you are far removed from the Gita.*

I said, "I won't even wish you luck if the Gita is not the core of your life." And when I said "Gita", I hope I made it clear that by Gita, I mean wisdom literature that pulls you up, that opens up the knots within. It could be the *'Shrimad Bhagavad Gita'* or any other book.

.........................................................










# ਮੇਲਾ ਬਸੰਤ ਪੰਚਮੀ
# ਸ੍ਰੀ ਭੈਣੀ ਸਾਹਿਬ

ਮਿਤੀ: 23.01.2026

Date of Publication: 06 February 2026
Date of Posting: 08 February 2026

RNI NO.55658/93
LDM/008/2021-2023

# ਬਸੰਤ ਸੰਗੀਤ ਸੰਮੇਲਨ ਸ੍ਰੀ ਭੈਣੀ ਸਾਹਿਬ

ਮਿਤੀ: 25.01.2026





Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.